Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 352 19/06/2026 www.samajweekly.com samajweekly @samajweekly samajweekly

# ਅਮਰੀਕਾ ਅਤੇ ਇਰਾਨ ਵਿਚਾਲੇ ਜੰਗ ਹੋਈ ਖ਼ਤਮ

## ਟਰੰਪ ਅਤੇ ਪੇਜੇਸ਼ਕਿਆਨ ਨੇ ਸਮਝੌਤੇ ’ਤੇ ਕੀਤੇ ਦਸਤਖ਼ਤ

**ਨਵੀਂ ਦਿੱਲੀ** : ਸਿਆਣਿਆਂ ਦਾ ਕਿਹਾ ਸੱਚ ਐ ਕਿ ਲੜਾਈ ਵਿਚ ਕੁੱਝ ਨਹੀਂ ਰੱਖਿਆ। ਆਪਸੀ ਗੱਲਬਾਤ ਜ਼ਰੀਏ ਹੀ ਮਸਲਿਆਂ ਨੂੰ ਹੱਲ ਕਰ ਲੈਣਾ ਚਾਹੀਦੈ। ਹੁਣ ਅਮਰੀਕਾ ਅਤੇ ਇਰਾਨ ਵਿਚਾਲੇ ਵੀ ਤਾਂ ਆਖ਼ਰਕਾਰ ਸਮਝੌਤਾ ਹੀ ਹੋਇਆ ਹੈ। ਉਹ ਵੀ ਇੰਨਾ ਜ਼ਿਆਦਾ ਨੁਕਸਾਨ ਕਰਨ ਤੋਂ ਬਾਅਦ। ਜੇਕਰ ਪਹਿਲਾਂ ਹੀ ਦੋਵੇਂ ਦੇਸ਼ਾਂ ਵਿਚਾਲੇ ਇਹ ਸਮਝੌਤਾ ਹੋ ਜਾਂਦਾ ਤਾਂ ਦੋਵੇਂ ਦੇਸ਼ਾਂ ਸਮੇਤ ਪੂਰਾ ਮਿਡਲ ਈਸਟ ਨੁਕਸਾਨ ਤੋਂ ਬਚ ਜਾਂਦਾ ਅਤੇ ਮਹਿੰਗਾਈ ਵੀ ਇੰਨੀ ਉਚ ਪੱਧਰ ਤੱਕ ਨਾ ਪਹੁੰਚਦੀ। ਖ਼ੈਰ ਹੁਣ 14 ਅਹਿਮ ਸ਼ਰਤਾਂ ਦੇ ਆਧਾਰ ’ਤੇ ਇਹ ਸਮਝੌਤਾ ਕੀਤਾ ਗਿਆ, ਜਿਸ ’ਤੇ ਦੋਵੇਂ ਮੁਲਕਾਂ ਦੇ ਰਾਸ਼ਟਰਪਤੀਆਂ ਨੇ ਦਸਤਖ਼ਤ ਕਰ ਦਿੱਤੇ ਨੇ।ਅਮਰੀਕਾ ਅਤੇ ਇਰਾਨ ਨੇ ਜੰਗ ਖ਼ਤਮ ਕਰਨ ਦੇ ਲਈ ਤਿਆਰ ਕੀਤੇ ਗਏ ਸਮਝੌਤਾ ਪੱਤਰ ’ਤੇ ਦਸਤਖ਼ਤ ਕਰ ਦਿੱਤੇ ਨੇ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਰਾਨੀ ਰਾਸ਼ਟਰਪਤੀ ਮਸੂਦ ਪੇਜੇਸ਼ਕਿਆਨ ਨੇ ਦੇਰ ਰਾਤ ਡਿਜੀਟਲ ਹਸਤਾਖ਼ਰ ਕੀਤੇ, ਜਿਸ ਦੇ ਨਾਲ ਹੀ ਇਹ ਸਮਝੌਤਾ ਲਾਗੂ ਹੋ ਗਿਆ। ਡੀਲ ਨਾਲ ਜੁੜੇ ਇਕ ਅਮਰੀਕੀ ਅਧਿਕਾਰੀ ਦੇ ਮੁਤਾਬਕ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੇਂਸ ਅਤੇ ਇਰਾਨੀ ਪੱਖ ਵੱਲੋਂ ਮੁਹੰਮਦ ਬਾਕੇਰ ਗਾਲਿਬਾਫ਼ ਨੇ ਪਹਿਲਾਂ ਹੀ ਇਸ ਦਸਤਾਵੇਜ਼ ’ਤੇ ਹਸਤਾਖ਼ਰ ਕਰ ਦਿੱਤੇ ਸੀ। ਹੁਣ ਸ਼ੁੱਕਰਵਾਰ 19 ਜੂਨ ਨੂੰ ਇਸ ਡੀਲ ’ਤੇ ਰਸਮੀ ਤੌਰ ’ਤੇ ਫਾਈਨਲ ਮੋਹਰ ਲੱਗੇਗੀ। ਇਸ ਸਮਝੌਤੇ ’ਤੇ ਬੋਲਦਿਆਂ ਇਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘਾਈ ਨੇ ਆਖਿਆ :

### ਇਰਾਨੀ ਵਿਦੇਸ਼ ਮੰਤਰਾਲੇ ਨੇ ਕੀ ਆਖਿਆ?

‘‘ਅਮਰੀਕਾ-ਇਰਾਨ ਸ਼ਾਂਤੀ ਸਮਝੌਤਾ ਰਾਸ਼ਟਰਪਤੀਆਂ ਦੇ ਦਸਤਖ਼ਤਾਂ ਦੇ ਨਾਲ ਅੰਤਿਮ ਰੂਪ ਲੈ ਚੁੱਕਿਆ ਹੈ। ਹੁਣ ਸਮਝੌਤੇ ਦੇ ਨਵੀਨੀਕਰਨ ਦੀ ਪ੍ਰੀਖਿਆ ਦਾ ਸਮਾਂ ਹੈ। ਸਮਝੌਤੇ ’ਤੇ ਰਸਮੀ ਦਸਤਖ਼ਤ ਪਹਿਲਾਂ ਸ਼ੁੱਕਰਵਾਰ ਨੂੰ ਸਵਿੱਟਜ਼ਰਲੈਂਡ ਵਿਚ ਹੋਣੇ ਸੀ ਪਰ ਹੁਣ ਇਸ ਸਬੰਧੀ ਪਹਿਲਾਂ ਤੋਂ ਤੈਅ ਮੀਟਿੰਗ ਸ਼ੁੱਕਰਵਾਰ ਨੂੰ ਜੇਨੇਵਾ ਵਿਚ ਹੋਵੇਗੀ।’’

ਅਮਰੀਕੀ ਅਧਿਕਾਰੀਆਂ ਦੇ ਮੁਤਾਬਕ ਰਾਸ਼ਟਰਪਤੀ ਟਰੰਪ ਨੇ ਪੈਲੇਸ ਆਫ਼ ਵਰਸੇਲਜ਼ ਵਿਚ ਡਿਨਰ ਦੌਰਾਨ ਅਮਰੀਕਾ-ਇਰਾਨ ਸਮਝੌਤੇ ਦੀ ਹਾਰਡ ਕਾਪੀ ’ਤੇ ਦਸਤਖ਼ਤ ਕੀਤੇ। ਵਾਈਟ ਹਾਊਸ ਦੇ ਡਿਨਰ ਟੇਬਲ ’ਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੇ ਨਾਲ ਸਾਈਨਿੰਗ ਦਾ ਇਕ ਵੀਡੀਓ ਵੀ ਜਾਰੀ ਕੀਤਾ ਏ। ਦਸਤਖ਼ਤ ਕਰਨ ਮਗਰੋਂ ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਸ ਦੀ ਪੁਸ਼ਟੀ ਵੀ ਕੀਤੀ। ਅਮਰੀਕਾ-ਇਰਾਨ ਸਮਝੌਤੇ ਵਿਚ ਦੋਵੇਂ ਦੇਸ਼ਾਂ ਵਿਚਾਲੇ ਹੋਈ ਗੱਲਬਾਤ ਤੋਂ ਬਾਅਦ 14 ਪ੍ਰਮੁੱਖ ਸ਼ਰਤਾਂ ਦਰਜ ਕੀਤੀਆਂ ਗਈਆਂ, ਜਿਨ੍ਹਾਂ ਵਿਚ :

### ਕੀ ਨੇ ਸਮਝੌਤੇ ਦੀਆਂ 14 ਸ਼ਰਤਾਂ?

1 : ਲੇਬਨਾਨ ਸਮੇਤ ਸਾਰੇ ਮੋਰਚਿਆਂ ’ਤੇ ਯੁੱਧ ਨੂੰ ਸਥਾਈ ਅਤੇ ਤੁਰੰਤ ਖ਼ਤਮ ਕੀਤੀ ਜਾਵੇ।

2 : ਅਮਰੀਕਾ ਇਰਾਨ ਦੇ ਅੰਦਰੂਨੀ ਮਾਮਲਿਆਂ ’ਚ ਦਖ਼ਲ





ਨਹੀਂ ਕਰੇਗਾ ਅਤੇ ਇਰਾਨ ਦੇ ਇਸਲਾਮੀ ਗਣਰਾਜ ਦੀ ਸੰਪ੍ਰਭੁਤਾ ਦਾ ਸਨਮਾਨ ਕਰੇਗਾ।

3 : ਨੇਵੀ ਨਾਕਾਬੰਦੀ ਨੂੰ 30 ਦਿਨਾਂ ਦੇ ਅੰਦਰ ਪੂਰੀ ਤਰ੍ਹਾਂ ਹਟਾ ਦਿੱਤਾ ਜਾਵੇ।

4 : ਅਮਰੀਕਾ ਵੱਲੋਂ ਇਰਾਨ ਦੇ ਆਸਪਾਸ ਦੇ ਖੇਤਰਾਂ ਤੋਂ ਅਪਣੀਆਂ ਫ਼ੌਜਾਂ ਨੂੰ ਵਾਪਸ ਬੁਲਾਇਆ ਜਾਵੇ।

5 : ਇਰਾਨੀ ਸਮਝੌਤੇ ਦੇ ਤਹਿਤ 30 ਦਿਨਾਂ ਦੇ ਅੰਦਰ ਸਟ੍ਰੇਟ ਆਫ਼ ਹੋਰਮੁਜ਼ ਫਿਰ ਤੋਂ ਖੋਲ੍ਹਿਆ ਜਾਵੇ।

6 : ਤੇਲ ਸੈਂਕਸ਼ਨ ਅਤੇ ਪੈਟਰੋਕੈਮੀਕਲ ਪ੍ਰੋਡਕਟਸ ’ਤੇ ਲੱਗੇ ਸੈਂਕਸ਼ਨ ਹਟਾਏ ਜਾਣ।

7 : ਅਮਰੀਕਾ ਅਤੇ ਉਸ ਦੇ ਸਹਿਯੋਗੀ ਇਰਾਨ ਦੇ ਪੁਨਰ ਨਿਰਮਾਣ ਦੀ ਘੱਟ ਤੋਂ ਘੱਟ 300 ਅਰਬ ਡਾਲਰ ਦੀ ਯੋਜਨਾ ਪੇਸ਼ ਕਰਨਗੇ।

8 : ਪਰਮਾਣੂ ਮੁੱਦਿਆਂ ਅਤੇ ਅਮਰੀਕਾ ਵੱਲੋਂ ਲਗਾਏ ਗਏ ਪ੍ਰਾਇਮਰੀ ਅਤੇ ਸੈਕੰਡਰੀ ਸੈਂਕਸ਼ਨ ਨੂੰ ਪੂਰੀ ਤਰ੍ਹਾਂ ਹਟਾਉਣ ਦੇ ਲਈ 60 ਦਿਨਾਂ ਦੀ ਗੱਲਬਾਤ।

9 : ਇਰਾਨ ਨੇ ਰਾਸ਼ਟਰੀ ਤਕਨੀਕ ਨੀਤੀ ਦੇ ਤਹਿਤ ਪਰਮਾਣੂ ਹਥਿਆਰ ਨਾ ਬਣਾਉਣ ਦੀ ਅਪਣੀ ਗੱਲ ਦੁਹਰਾਈ ਹੈ।

10 : ਜਦੋਂ ਤੱਕ ਗੱਲਬਾਤ ਚੱਲ ਰਹੀ ਹੈ, ਉਦੋਂ ਤੱਕ ਅਮਰੀਕਾ ਨੇ ਇਸ ਖੇਤਰ ਵਿਚ ਅਪਣੀ ਫ਼ੌਜ ਨਾ ਵਧਾਉਣ ਦੀ ਗੱਲ ਮੰਨੀ ਹੈ।

11 : ਸਮਝੌਤੇ ਨੂੰ ਲਾਗੂ ਕਰਨ ਦੇ ਲਈ ਸੁਪਰਵਾਇਜ਼ਰੀ ਮੈਕੇਨਿਜ਼ਮ ਬਣਾਇਆ ਜਾਵੇ।

12 : ਜਦੋਂ ਤੱਕ ਇਰਾਨ ’ਤੇ ਲੱਗੇ ਸੈਂਕਸ਼ਨ ਅਤੇ ਨੇਵਲ ਬਲਾਕੇਡ ਹਟ ਨਹੀਂ ਜਾਂਦੇ, ਉਦੋਂ ਤੱਕ ਫਾਈਨਲ ਸਮਝੌਤਾ ਨਹੀਂ ਹੋਵੇਗਾ।

13 : ਅੰਤਿਮ ਗੱਲਬਾਤ ਦੇ 60 ਦਿਨਾਂ ਦੇ ਸਮੇਂ ਦੌਰਾਨ ਇਰਾਨ ਦੇ ਫ੍ਰੀਜ 24 ਅਰਬ ਡਾਲਰ ਦੇ ਫੰਡ ਨੂੰ ਜਾਰੀ ਕੀਤਾ ਜਾਵੇ। ਅੱਧੀ ਰਾਸ਼ੀ ਗੱਲਬਾਤ ਸ਼ੁਰੂ ਹੋਣ ਤੋਂ ਇਰਾਨ ਨੂੰ ਉਪਲਬਧ ਕਰਵਾਈ ਜਾਵੇ।

14 : ਅੰਤਿਮ ਸਮਝੌਤੇ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮਤੇ ਦੇ ਜ਼ਰੀਏ ਮਨਜ਼ੂਰ ਕੀਤਾ ਜਾਵੇਗਾ।

ਇਰਾਨੀ ਅਧਿਕਾਰੀਆਂ ਨੇ ਆਖਿਆ ਕਿ ਸਮਝੌਤੇ ਦੇ ਫਾਰਸੀ ਅਤੇ ਅੰਗਰੇਜ਼ੀ ਵਰਜ਼ਨ ਵਿਚ ਇਕੋ ਜਿਹੇ ਨਿਯਮ ਹਨ ਅਤੇ ਦੋਵੇਂ ਪਾਸੇ ਤੋਂ ਉਨ੍ਹਾਂ ’ਤੇ ਦਸਤਖ਼ਤ ਕੀਤੇ ਗਏ ਨੇ। ਇਸ ਦੇ ਨਾਲ ਹੀ ਇਰਾਨ ਨੇ ਅਪਣੇ ਮਿਜ਼ਾਈਲ ਪ੍ਰੋਗਰਾਮ ‘ਤੇ ਕਿਸੇ ਵੀ ਤਰ੍ਹਾਂ ਦੀ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ ਏ, ਉਥੇ ਹੀ ਐਨਰਿਚਰ ਯੂਰੇਨੀਅਮ ਸਬੰਧੀ ਉਪਾਅ ਤੋਂ ਵੀ ਜਾਣੂ ਕਰਵਾਇਆ। ਇਰਾਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘਾਈ ਨੇ ਆਖਿਆ :

### ਦੇਸ਼ ਦੇ ਅੰਦਰ ਹੀ ਰਹੇਗਾ ਐਨਰਿਚਡ ਯੂਰੇਨੀਅਮ

‘‘ਇਰਾਨ ਦਾ ਐਨਰਿਚਡ ਯੂਰੇਨੀਅਮ ਦੇਸ਼ ਦੇ ਅੰਦਰ ਹੀ ਰਹੇਗਾ ਅਤੇ ਇਸ ਨੂੰ ਵਿਦੇਸ਼ ਨਹੀਂ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਚਰਚਾ ਵਿਚ ਇਕ ਬਦਲ ਐਨਰਿਚਡ ਯੂਰੇਨੀਅਮ ਦਾ ਡਾਈਲਿਊਸ਼ਨ ਐ,, ਯਾਨੀ ਯੂਰੇਨੀਅਮ ਦੀ ਤਾਕਤ ਜਾਂ ਸ਼ੁੱਧਤਾ ਨੂੰ ਘੱਟ ਕਰਨਾ ਤਾਂਕਿ ਉਸ ਤੋਂ ਪਰਮਾਣੂ ਬੰਬ ਨਾ ਬਣਾਇਆ ਜਾ ਸਕੇ। ਇਰਾਨ ਦੀਆਂ ਮਿਜ਼ਾਈਲਾਂ ਸਿਰਫ਼ ਦਾਗ਼ਣ ਵਾਸਤੇ ਨੇ, ਉਨ੍ਹਾਂ ’ਤੇ ਗੱਲਬਾਤ ਦੇ ਲਈ ਨਹੀਂ। ਦੇਸ਼ ਦੀ ਰੱਖਿਆ ਸਮਰੱਥਾਵਾਂ ’ਤੇ ਕਿਸੇ ਵੀ ਪੱਖ ਦੇ ਨਾਲ ਚਰਚਾ ਨਹੀਂ ਕੀਤੀ ਜਾਵੇਗੀ।’’

ਦੱਸ ਦਈਏ ਕਿ ਸਮਝੌਤੇ ਤੋਂ ਬਾਅਦ ਹੁਣ ਸਟ੍ਰੇਟ ਆਫ਼ ਹੋਰਮੁਜ਼ ਖੁੱਲ੍ਹੇਗਾ, ਪਰ ਇਹ ਓਵੇਂ ਨਹੀਂ ਹੋਵੇਗਾ, ਜਿਵੇਂ ਜੰਗ ਤੋਂ ਪਹਿਲਾਂ ਸੀ,, ਬਲਕਿ ਇਰਾਨ ਹੋਰਮੁਜ਼ ਤੋਂ ਲੰਘਣ ਵਾਲੇ ਜਹਾਜ਼ਾਂ ਤੋਂ ਸਰਵਿਸ ਦੇ ਲਈ ਫ਼ੀਸ ਵਸੂਲੇਗਾ,, ਓਮਾਨ ਵੀ ਇਸ ਜ਼ਿੰਮੇਵਾਰੀ ਵਿਚ ਸ਼ਾਮਲ ਹੋਵੇਗਾ।

# ਯੂਕਰੇਨ ਨੇ ਰੂਸ 'ਤੇ ਸਭ ਤੋਂ ਵੱਡਾ ਡਰੋਨ ਹਮਲਾ ਕੀਤਾ

## ਜੇਕਰ ਯੂਕਰੇਨ ਸੜੇਗਾ, ਤਾਂ ਰੂਸ ਵੀ ਸੜੇਗਾ : ਜ਼ੇਲੇਂਸਕੀ

**ਮਾਸਕੋ :** ਯੂਕਰੇਨ ਨੇ ਵੀਰਵਾਰ ਨੂੰ ਰੂਸ 'ਤੇ ਹੁਣ ਤੱਕ ਦਾ ਸਭ ਤੋਂ ਵੱਡਾ ਡਰੋਨ ਹਮਲਾ ਕੀਤਾ। ਰੂਸ ਦੇ ਰੱਖਿਆ ਮੰਤਰਾਲੇ ਦੇ ਅਨੁਸਾਰ ਰਾਤ ਭਰ ਵਿੱਚ ਲਗਭਗ 1,000 ਡਰੋਨ ਅਤੇ ਚਾਰ ਕਰੂਜ਼ ਮਿਜ਼ਾਈਲਾਂ ਨੂੰ ਤਬਾਹ ਕਰ ਦਿੱਤਾ ਗਿਆ। ਇਨ੍ਹਾਂ ਵਿੱਚੋਂ ਕਰੀਬ 200 ਡਰੋਨ ਰਾਜਧਾਨੀ ਮਾਸਕੋ ਵੱਲ ਵੱਧ ਰਹੇ ਸਨ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ, "ਅਸੀਂ ਇਹ ਜੰਗ ਨਹੀਂ ਚਾਹੁੰਦੇ ਸੀ, ਪਰ ਜੇਕਰ ਯੂਕਰੇਨ ਸੜੇਗਾ ਤਾਂ ਮਾਸਕੋ ਵੀ ਸੜੇਗਾ।" ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇਸ ਹਮਲੇ ਵਿੱਚ ਦੱਖਣੀ ਰੋਸਤੋਵ ਖੇਤਰ ਦਾ ਇੱਕ ਤੇਲ ਡਿਪੂ



ਧਮਾਕੇ ਨਾਲ ਤਬਾਹ ਹੋ ਗਿਆ। ਇੱਥੇ ਮੌਜੂਦ ਇੱਕ ਵਿਅਕਤੀ ਦੀ ਮੌਤ ਹੋ ਗਈ। ਮਾਸਕੋ ਦੀ ਕਪੋਤਨਿਆ ਆਇਲ ਰਿਫਾਇਨਰੀ 'ਤੇ ਵੀ ਹਮਲਾ ਹੋਇਆ। ਵਿਸਫੋਟ ਤੋਂ ਬਾਅਦ ਆਇਲ ਡਿਪੂ ਟੈਂਕ ਦਾ ਢੱਕਣ ਕਈ ਮੀਟਰ ਉੱਪਰ ਉੱਡ ਗਿਆ ਅਤੇ ਅਸਮਾਨ ਵਿੱਚ ਕਾਲੇ ਧੂੰਏਂ ਦੇ ਗੁਬਾਰ ਛਾ ਗਏ। ਰਿਪੋਰਟਾਂ ਦੇ ਮੁਤਾਬਕ, ਨੇੜੇ ਦੇ ਇੱਕ ਸ਼ਾਪਿੰਗ ਸੈਂਟਰ ਵਿੱਚ ਵੀ ਅੱਗ ਲੱਗ ਗਈ। ਡਰੋਨ ਦਾ ਮਲਬਾ ਡਿੱਗਣ ਕਾਰਨ ਕੁਝ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ। ਕਈ ਉੱਚੀਆਂ ਇਮਾਰਤਾਂ ਨੂੰ ਖਾਲੀ ਕਰਵਾਇਆ ਗਿਆ। ਹਮਲੇ ਤੋਂ ਬਾਅਦ ਮਾਸਕੋ ਦੇ ਹਵਾਈ ਅੱਡਿਆਂ 'ਤੇ ਕੁਝ ਸਮੇਂ ਲਈ ਉਡਾਣਾਂ 'ਤੇ ਰੋਕ ਲਗਾ ਦਿੱਤੀ ਗਈ।

# ਪੰਜਾਬ 'ਚ ਮੁੜ ਲੋਕਾਂ ਨੂੰ ਗਰਮੀ ਤੋਂ ਮਿਲੇਗੀ ਰਾਹਤ, ਕਈ ਥਾਈਂ ਮੀਂਹ ਤੇ ਹਨ੍ਹੇਰੀ ਦਾ ਅਲਰਟ

**ਚੰਡੀਗੜ੍ਹ।** ਪੰਜਾਬ ਅਤੇ ਚੰਡੀਗੜ੍ਹ ਵਿੱਚ ਅੱਜ ਤੋਂ ਮੌਸਮ ਬਦਲਣ ਵਾਲਾ ਹੈ। ਇੱਕ ਸਰਗਰਮ ਪੱਛਮੀ ਗੜਬੜੀ ਦੇ ਕਾਰਨ, 18 ਜੂਨ ਤੋਂ 23 ਜੂਨ ਤੱਕ ਖੇਤਰ ਵਿੱਚ ਮੀਂਹ, ਤੂਫਾਨ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਇਸ ਸਮੇਂ ਦੌਰਾਨ 40-50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਨੇ ਪੰਜ ਦਿਨਾਂ ਦਾ 'ਯੈਲੋ ਅਲਰਟ' ਜਾਰੀ ਕੀਤਾ ਹੈ। ਇਸ ਦੌਰਾਨ, ਸੂਬੇ ਵਿੱਚ ਤਾਪਮਾਨ ਇੱਕ ਵਾਰ ਫਿਰ ਵਧਿਆ ਹੈ। ਬੁੱਧਵਾਰ ਨੂੰ 2 ਡਿਗਰੀ ਦਾ ਵਾਧਾ ਦਰਜ ਕੀਤਾ ਗਿਆ, ਜਿਸ ਨਾਲ ਤਾਪਮਾਨ ਆਮ ਦੇ ਨੇੜੇ ਆ ਗਿਆ। ਬਠਿੰਡਾ ਵਿੱਚ ਸਭ ਤੋਂ ਵੱਧ ਤਾਪਮਾਨ 39 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਹਾਲਾਂਕਿ, ਹੁਣ ਲੋਕਾਂ ਨੂੰ ਲੂ ਤੋਂ ਰਾਹਤ ਮਿਲੇਗੀ।



# ਸਾਂਬਾ ਪੁਲਿਸ ਨੇ ਚੰਡੀਗੜ੍ਹ ਗੋਲੀਬਾਰੀ ਦੇ ਮੁੱਲ ਮੁਲਜ਼ਮ ਨੂੰ ਕੀਤਾ ਗ੍ਰਿਫ਼ਤਾਰ

**ਸਾਂਬਾ:** ਜੰਮੂ-ਕਸ਼ਮੀਰ ਸਾਂਬਾ ਪੁਲਿਸ ਨੇ ਅਪਰਾਧੀ ਗਿਰੋਹ ਦਾ ਪਰਦਾਫਾਸ਼ ਕਰਦਿਆਂ ਇੱਕ ਮਹੱਤਵਪੂਰਨ ਸਫਲਤਾ ਵਿੱਚ ਸਾਂਬਾ ਪੁਲਿਸ ਨੇ ਜੰਮੂ-ਕਸ਼ਮੀਰ ਅਤੇ ਪੰਜਾਬ ਵਿੱਚ ਸਰਗਰਮ ਕੱਟੜ ਅਪਰਾਧੀਆਂ ਦੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਕੈਦ ਵਿੱਚ ਬੰਦ ਗੈਂਗਸਟਰ ਰੋਹਿਤ ਕੁਮਾਰ ਉਰਫ਼ ਮੱਖਣ ਦੀ ਅਗਵਾਈ ਹੇਠ ਕੰਮ ਕਰਨ ਵਾਲਾ ਇਹ ਸਮੂਹ ਦੋਵਾਂ ਰਾਜਾਂ ਵਿੱਚ ਜਬਰੀ ਵਸੂਲੀ ਵਿੱਚ ਸ਼ਾਮਲ ਸੀ। ਇਸ ਦੀ ਭੂਮਿਕਾ ਚੰਡੀਗੜ੍ਹ ਵਿੱਚ ਹਾਲ ਹੀ ਵਿੱਚ ਹੋਈ ਗੋਲੀਬਾਰੀ ਦੀ ਘਟਨਾ ਵਿੱਚ ਵੀ ਸਾਹਮਣੇ ਆਈ ਸੀ, ਜਿੱਥੇ ਦਿਨ-ਦਿਹਾੜੇ ਇੱਕ ਦੁਕਾਨ ਵਿੱਚ ਇੱਕ ਫਾਰਮੇਸੀ ਕਰਮਚਾਰੀ ਦੀ ਹੱਤਿਆ ਕਰ ਦਿੱਤੀ ਗਈ ਸੀ । ਮੁੱਖ ਮੁਲਜ਼ਮਾਂ ਵਿੱਚੋਂ ਇੱਕ ਅਮਿਤ ਕੁਮਾਰ ਉਰਫ਼ ਸ਼ਰਾਬੀ ਵੀ ਗ੍ਰਿਫ਼ਤਾਰ ਕੀਤੇ ਗਏ ਗਿਰੋਹ ਦੇ ਮੈਂਬਰਾਂ ਵਿੱਚ ਸ਼ਾਮਲ ਹੈ । ਗਿਰੋਹ ਦਾ ਰਿੰਗ ਲੀਡਰ ਮੱਖਣ, ਪੰਜਾਬ ਦੇ ਵੱਖ-ਵੱਖ ਗੈਂਗਸਟਰਾਂ ਨਾਲ ਮਿਲ ਕੇ ਕੰਮ ਕਰ ਰਿਹਾ ਸੀ, ਅਤੇ ਵੱਖ-ਵੱਖ ਅਪਰਾਧਿਕ ਗਤੀਵਿਧੀਆਂ ਲਈ ਇਸ ਗਿਰੋਹ ਨੂੰ ਸੰਗਠਿਤ ਕਰਨ ਵਿੱਚ



ਮਹੱਤਵਪੂਰਨ ਭੂਮਿਕਾ ਨਿਭਾਉਂਦਾ ਪਾਇਆ ਗਿਆ। ਗ੍ਰਿਫ਼ਤਾਰ ਕੀਤੇ ਗਏ ਗਿਰੋਹ ਦੇ ਮੈਂਬਰਾਂ ਦੇ ਨਾਮ ਇਸ ਪ੍ਰਕਾਰ ਹਨ: ਅਮਿਤ ਕੁਮਾਰ ਉਰਫ਼ ਸ਼ਰਾਬੀ ਪੁੱਤਰ ਓਂਕਾਰ ਨਾਥ ਵਾਸੀ ਸਾਂਬਾ (ਮੁੱਖ ਮੁਲਜ਼ਮ), ਅਜੈ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਸਾਂਬਾ, ਮਾਨਿਕ ਸੰਹੋਤਰਾ ਪੁੱਤਰ ਦੀਵਾਨ ਚੰਦ ਵਾਸੀ ਤਹਿਸੀਲ ਰਾਮਗੜ੍ਹ ਜ਼ਿਲ੍ਹਾ ਸਾਂਬਾ, ਵਿਵੇਕ ਮਹਿਰਾ ਪੁੱਤਰ ਵਿਜੇ ਕੁਮਾਰ ਵਾਸੀ ਚੱਕ ਮੰਗਾ ਰਕਵਾਲ, ਸਾਂਬਾ, ਸੰਨੀ ਮਹਿਰਾ ਪੁੱਤਰ ਕੁਲਦੀਪ ਰਾਜ ਵਾਸੀ ਬਢੋਰੀ, ਬਾਰੀ ਬ੍ਰਾਹਮਣਾ ਜ਼ਿਲ੍ਹਾ ਸਾਂਬਾ, ਆਰੀਅਨ ਸ਼ਰਮਾ ਪੁੱਤਰ ਅਮਰਜੀਤ ਸ਼ਰਮਾ ਵਾਸੀ ਬਾਈਪਾਸ ਕੁੰਜਵਾਨੀ ਜ਼ਿਲ੍ਹਾ ਜੰਮੂ, ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸੰਨੀ ਮਹਿਰਾ ਅਤੇ ਆਰੀਅਨ ਸ਼ਰਮਾ ਨੂੰ ਚੰਡੀਗੜ੍ਹ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਖੁਲਾਸੇ 'ਤੇ ਹਥਿਆਰਾਂ ਸਮੇਤ ਕਈ ਹਥਿਆਰ ਵੀ ਜ਼ਬਤ ਕੀਤੇ ਗਏ ਹਨ। ਮੈਗਜ਼ੀਨ AK-47= 01 ਨੰਬਰ, ਰਾਊਂਡ AK-47 = 38 ਨੰਬਰ, ਪਿਸਤੌਲ ਦੇ ਰਾਊਂਡ = 10 ਨੰਬਰ, ਦੇਸੀ ਬਣੀ ਪਿਸਤੌਲ= 02 ਨੰਬਰ, ਦੇਸੀ ਕੱਟਾ = 01 ਨੰਬਰ, ਟੋਕਾ= 01 ਨੰਬਰ, ਨਕਦੀ = 18000/- ਰੁਪਏ, ਹੋਰ ਮੁੱਖ ਸਹਿਯੋਗੀਆਂ ਦੀ ਪਛਾਣ ਕਰਨ ਲਈ ਯਤਨ ਜਾਰੀ ਹਨ। ਇਹ ਯਤਨ ਸਾਂਬਾ ਨੂੰ ਸੁਰੱਖਿਅਤ ਬਣਾਉਣ ਵਿੱਚ ਬਹੁਤ ਮਦਦ ਕਰੇਗਾ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਅੰਮ੍ਰਿਤਸਰ ਪੁਲਿਸ ਨੇ ਹਥਿਆਰਾਂ ਸਮੇਤ ਅੱਠ ਮੁਲਜ਼ਮਾਂ ਨੂੰ ਕੀਤਾ ਗ੍ਰਿਫ਼ਤਾਰ

**ਅੰਮ੍ਰਿਤਸਰ।** ਪੰਜਾਬ ਪੁਲਿਸ ਨੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਿਰੁੱਧ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ। ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਰਹੱਦ ਪਾਰ ਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਇੱਕ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ ਅਤੇ ਅੱਠ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਕਾਰਵਾਈ ਦੌਰਾਨ, ਪੁਲਿਸ ਨੇ 11 ਆਧੁਨਿਕ ਪਿਸਤੌਲ ਅਤੇ 8 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਪੰਜਾਬ ਦੇ ਪੁਲਿਸ ਡਾਇਰੈਕਟਰ ਜਨਰਲ ਗੌਰਵ ਯਾਦਵ ਨੇ ਆਪਣੇ ਐਕਸ ਹੈਂਡਲ 'ਤੇ ਇਸ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਵਿਦੇਸ਼ਾਂ ਵਿੱਚ ਸਥਿਤ ਕੁਝ ਕਾਰਕੁਨਾਂ ਦੇ ਸੰਪਰਕ ਵਿੱਚ ਸਨ ਜੋ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਵਿੱਚ ਸ਼ਾਮਲ ਹਨ। ਪੁਲਿਸ ਦੇ ਅਨੁਸਾਰ, ਬਰਾਮਦ ਕੀਤੇ ਗਏ ਹਥਿਆਰਾਂ ਨੂੰ ਅਪਰਾਧਿਕ ਤੱਤਾਂ ਨੂੰ ਸਪਲਾਈ ਕਰਨ ਦੀ ਸਾਜ਼ਿਸ਼ ਰਚੀ ਗਈ ਸੀ। ਇਨ੍ਹਾਂ ਹਥਿਆਰਾਂ ਦੀ ਵਰਤੋਂ ਜਬਰੀ ਵਸੂਲੀ, ਹਿੰਸਕ ਕਾਰਵਾਈਆਂ ਕਰਨ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਲਈ ਕੀਤੀ ਜਾਣੀ ਸੀ। ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਇਹ ਨੈੱਟਵਰਕ ਸਰਹੱਦ ਪਾਰ ਤੋਂ ਹਥਿਆਰਾਂ ਦੀ ਤਸਕਰੀ ਕਰਕੇ ਪੰਜਾਬ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਹਵਾ ਦੇਣ ਦੀ




ਕੋਸ਼ਿਸ਼ ਕਰ ਰਿਹਾ ਸੀ। ਇਸ ਮਾਮਲੇ ਦੇ ਸਬੰਧ ਵਿੱਚ ਅੰਮ੍ਰਿਤਸਰ ਦੇ ਏਅਰਪੋਰਟ, ਸਦਰ ਅਤੇ ਛੇਹਰਟਾ ਪੁਲਿਸ ਸਟੇਸ਼ਨਾਂ ਵਿੱਚ ਵੱਖ-ਵੱਖ ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਪੁਲਿਸ ਹੁਣ ਇਸ ਨੈੱਟਵਰਕ ਦੇ ਹੋਰ ਮੈਂਬਰਾਂ ਅਤੇ ਸਹਿਯੋਗੀਆਂ ਦੀ ਪਛਾਣ ਕਰਨ ਲਈ ਇਸਦੇ ਪਿਛਲੇ ਅਤੇ ਅਗਲੇ ਲਿੰਕਾਂ ਦਾ ਪਤਾ ਲਗਾ ਰਹੀ ਹੈ। ਇਸ ਤੋਂ ਇਲਾਵਾ, ਇਹ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ ਕਿ ਇਸ ਗਿਰੋਹ ਰਾਹੀਂ ਪੰਜਾਬ ਵਿੱਚ ਕਿੰਨੇ ਹੋਰ ਹਥਿਆਰ ਤਸਕਰੀ ਕੀਤੇ ਗਏ ਹਨ।

ਪੰਜਾਬ ਪੁਲਿਸ ਦਾ ਕਹਿਣਾ ਹੈ ਕਿ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ, ਸਰਹੱਦ ਪਾਰ ਤਸਕਰੀ ਅਤੇ ਸੰਗਠਿਤ ਅਪਰਾਧ 'ਤੇ ਉਸਦੀ ਕਾਰਵਾਈ ਬੇਰੋਕ ਜਾਰੀ ਰਹੇਗੀ। ਪੁਲਿਸ ਨੇ ਦੁਹਰਾਇਆ ਕਿ ਰਾਜ ਵਿੱਚ ਅਪਰਾਧ ਅਤੇ ਗੈਂਗਸਟਰ ਨੈੱਟਵਰਕਾਂ ਵਿਰੁੱਧ ਜ਼ੀਰੋ-ਟੌਲਰੈਂਸ ਨੀਤੀ ਤਹਿਤ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਪੁਲਿਸ ਜਾਂਚ ਇਸ ਸਮੇਂ ਜਾਰੀ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਠੰਢੀ ਵਾਦੀ ਵਿਚ ਲੱਗੇ ਜਾਮ ਨੇ ਲਿਆਂਦਾ ਪਸੀਨਾ



**ਸ਼ਿਮਲਾ :** ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਣ ਨਾਲ ਹੀ ਪਹਾੜਾਂ ਦੀ ਰਾਣੀ ਸ਼ਿਮਲਾ ਵਿਚ ਸੈਲਾਨੀਆਂ ਦੀ ਭਾਰੀ ਆਮਦ ਦੇਖਣ ਨੂੰ ਮਿਲ ਰਹੀ ਹੈ। ਪਹਿਲੀ ਮਈ ਤੋਂ 15 ਜੂਨ ਤੱਕ ਦੇ ਕਰੀਬ 45 ਦਿਨਾਂ ਦੌਰਾਨ 15 ਲੱਖ ਤੋਂ ਵੱਧ ਵਾਹਨ ਸ਼ਹਿਰ ਵਿਚ ਦਾਖ਼ਲ ਹੋ ਚੁਕੇ ਹਨ। ਇਸ ਕਾਰਨ ਹਾਈਵੇ ਅਤੇ ਸ਼ਹਿਰ ਦੀਆਂ ਸੰਪਰਕ ਸੜਕਾਂ ’ਤੇ ਅਕਸਰ ਲੰਬੇ ਟਰੈਫ਼ਿਕ ਜਾਮ ਲੱਗ ਰਹੇ ਹਨ। ਹੋਟਲ ਮਾਲਕਾਂ ਅਨੁਸਾਰ ਵੀਕਐਂਡ ਦੌਰਾਨ ਹੋਟਲਾਂ ਦੀ ਭਰਤੀ 90 ਫੀਸਦੀ ਤਕ ਪਹੁੰਚ ਰਹੀ ਹੈ। ਵਧਦੀ ਭੀੜ ਅਤੇ ਟਰੈਫ਼ਿਕ ਦੇ ਦਬਾਅ ਨੂੰ ਦੇਖਦੇ ਹੋਏ ਸ਼ਿਮਲਾ ਪੁਲਿਸ ਨੇ ਸੈਲਾਨੀਆਂ ਅਤੇ ਸਥਾਨਕ ਲੋਕਾਂ ਨੂੰ ਸੁਵਿਧਾ ਪ੍ਰਦਾਨ ਕਰਨ ਲਈ ਪੰਜ ਨੁਕਾਤੀ ਰਣਨੀਤੀ ਤਿਆਰ ਕੀਤੀ ਹੈ। ਸ਼ਿਮਲਾ ਦੇ ਪੁਲਿਸ ਸੁਪਰਡੈਂਟ ਗੌਰਵ ਸਿੰਘ ਨੇ ਕਿਹਾ ਕਿ ਜੇ ਅੰਦਰੂਨੀ ਰੁਕਾਵਟਾਂ ਨੂੰ ਸਮੇਂ ਸਿਰ ਦੂਰ ਕੀਤਾ ਜਾਵੇ ਤਾਂ ਇੰਨੀ ਵੱਡੀ ਗਿਣਤੀ ਵਿਚ ਆਉਣ ਵਾਲੇ ਵਾਹਨਾਂ ਦਾ ਪ੍ਰਬੰਧਨ ਕਰਨਾ ਸੰਭਵ ਹੈ। ਪੁਲਿਸ ਦੀ ਯੋਜਨਾ ਤਹਿਤ ਵਾਧੂ ਪੁਲਿਸ ਫੋਰਸ ਅਤੇ ਸਾਈਕਲ-ਮਾਊਂਟਡ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਟਰੈਫ਼ਿਕ ਨਿਯਮਾਂ ਦੀ ਉਲੰਘਣਾ ’ਤੇ ਨਜ਼ਰ ਰੱਖਣ ਲਈ ਇੰਟਰਸੈਪਟਰ ਵਾਹਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪੂਰੇ ਸ਼ਹਿਰ ਨੂੰ ਪੰਜ ਸੈਕਟਰਾਂ ਵਿਚ ਵੰਡ ਕੇ ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਸੈਲਾਨੀਆਂ ਨੂੰ ਬਦਲਵੇਂ ਰੂਟਾਂ ਬਾਰੇ ਜਾਣਕਾਰੀ ਦਿਤੀ ਜਾ ਰਹੀ ਹੈ ਅਤੇ ਜਨਤਕ ਆਵਾਜਾਈ ਦੀ ਵਰਤੋਂ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਪੁਲਿਸ ਮੁਤਾਬਕ ਕਾਰਟ ਰੋਡ ’ਤੇ ਭਾਰੀ ਵਾਹਨਾਂ ਦੇ ਖਰਾਬ ਹੋਣ ਕਾਰਨ ਸਭ ਤੋਂ ਵੱਧ ਸਮੱਸਿਆ ਪੈਦਾ ਹੁੰਦੀ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚ ਤਿੰਨ ਕਰੇਨਾਂ ਤਾਇਨਾਤ ਕੀਤੀਆਂ ਗਈਆਂ ਹਨ। ਗੈਰ-ਕਾਨੂੰਨੀ ਪਾਰਕਿੰਗ ਅਤੇ ਬੇਤਰਤੀਬ ਢੰਗ ਨਾਲ ਖੜ੍ਹੀਆਂ ਪ੍ਰਾਈਵੇਟ ਬੱਸਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾ ਰਹੀ ਹੈ। ਟਰੈਫ਼ਿਕ ਨੂੰ ਸੁਚਾਰੂ ਬਣਾਉਣ ਲਈ 210 ਵਾਧੂ ਪੁਲਿਸ ਕਰਮਚਾਰੀ ਅਤੇ ਹੋਮ ਗਾਰਡ ਤਾਇਨਾਤ ਕੀਤੇ ਗਏ ਹਨ, ਜਦਕਿ 42 ਬਾਈਕ-ਮਾਊਂਟਡ ਕਰਮਚਾਰੀਆਂ ਦੀ ਵਿਸ਼ੇਸ਼ ਟੀਮ ਵੀ ਬਣਾਈ ਗਈ ਹੈ। ਪੁਲਿਸ ਵਲੋਂ ਸੈਲਾਨੀਆਂ ਨੂੰ ਕੁਫਰੀ, ਨਾਰਕੰਡਾ ਅਤੇ ਕਿੰਨੌਰ ਵੱਲ ਜਾਣ ਸਮੇਂ ਸ਼ੋਘੀ-ਮੇਹਲੀ ਬਾਈਪਾਸ ਦੀ ਵਰਤੋਂ ਕਰਨ ਦੀ ਸਲਾਹ ਦਿਤੀ ਜਾ ਰਹੀ ਹੈ, ਜਿਸ ਨਾਲ ਹਰ ਰੋਜ਼ ਕਰੀਬ 800 ਵਾਹਨ ਸ਼ਹਿਰ ਤੋਂ ਬਾਹਰ ਮੋੜੇ ਜਾਂਦੇ ਹਨ ਅਤੇ ਟਰੈਫ਼ਿਕ ਦਾ ਦਬਾਅ ਘਟਦਾ ਹੈ। ਇਸ ਤੋਂ ਇਲਾਵਾ, ਸ਼ਿਮਲਾ ਪੁਲਿਸ ਸੋਸ਼ਲ ਮੀਡੀਆ ਰਾਹੀਂ ਨਿਯਮਿਤ ਟਰੈਫ਼ਿਕ ਅਪਡੇਟ ਵੀ ਜਾਰੀ ਕਰ ਰਹੀ ਹੈ।

# ਹਿਮਾਚਲ ਪ੍ਰਦੇਸ਼ ਦੇ ਚੰਬਾ ਵਿਚ ਡੂੰਘੀ ਖੱਡ 'ਚ ਗੱਡੀ ਡਿੱਗਣ ਨਾਲ 7 ਲੋਕਾਂ ਦੀ ਮੌਤ

## ਮੁੰਡਨ ਸਮਾਰੋਹ ਤੋਂ ਵਾਪਸ ਆ ਰਿਹਾ ਸੀ ਮ੍ਰਿਤਕ ਪਰਿਵਾਰ



**ਹਿਮਾਚਲ** ਪ੍ਰਦੇਸ਼ ਦੇ ਚੰਬਾ-ਮਸਰੂੰਡ ਰੋਡ 'ਤੇ ਬੀਤੀ ਰਾਤ ਇੱਕ ਸੜਕ ਹਾਦਸੇ ਵਿੱਚ ਸੱਤ ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚੋਂ ਛੇ ਇੱਕੋ ਪਰਿਵਾਰ ਦੇ ਸਨ, ਜਦੋਂ ਕਿ ਸੱਤਵਾਂ ਡਰਾਈਵਰ ਦੱਸਿਆ ਜਾ ਰਿਹਾ ਹੈ। ਪੁਲਿਸ ਨੇ ਲਾਸ਼ਾਂ ਨੂੰ ਖੱਡ ਵਿੱਚੋਂ ਬਰਾਮਦ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਰਿਪੋਰਟਾਂ ਅਨੁਸਾਰ, ਗੱਡੀ ਵਿੱਚ ਸਵਾਰ ਲੋਕ ਬੁੱਧਵਾਰ ਰਾਤ ਨੂੰ ਕਕਦਰੋਥਾ ਪਿੰਡ ਵਿੱਚ ਇੱਕ ਮੁੰਡਨ ਸਮਾਰੋਹ ਵਿੱਚ ਸ਼ਾਮਲ ਹੋਣ ਤੋਂ ਬਾਅਦ ਘਰ ਵਾਪਸ ਆ ਰਹੇ ਸਨ। ਯਾਤਰਾ ਦੌਰਾਨ, ਉਨ੍ਹਾਂ ਦੀ ਬੋਲੈਰੋ (ਰਜਿਸਟ੍ਰੇਸ਼ਨ ਨੰਬਰ ੍ਫ-01ਛ-2581) ਕੰਟਰੋਲ ਤੋਂ ਬਾਹਰ ਹੋ ਗਈ ਅਤੇ ਇੱਕ ਖੱਡ ਵਿੱਚ ਡਿੱਗ ਗਈ। ਦੱਸਿਆ ਜਾ ਰਿਹਾ ਹੈ ਕਿ ਗੱਡੀ ਸੜਕ ਤੋਂ ਲਗਭਗ 1,200 ਫੁੱਟ ਹੇਠਾਂ ਡਿੱਗ ਗਈ। ਕਿਉਂਕਿ ਹਾਦਸਾ ਅੱਧੀ ਰਾਤ ਨੂੰ ਹੋਇਆ ਸੀ, ਇਸ ਲਈ ਕਿਸੇ ਨੂੰ ਵੀ ਇਸ ਬਾਰੇ ਸੂਚਿਤ ਨਹੀਂ ਕੀਤਾ ਗਿਆ। ਪੁਲਿਸ ਨੂੰ ਸਵੇਰੇ ਘਟਨਾ ਦੀ ਜਾਣਕਾਰੀ ਮਿਲੀ। ਜਾਣਕਾਰੀ ਤੋਂ ਬਾਅਦ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕੀਤਾ ਪਰ ਉਦੋਂ ਨੂੰ ਸਾਰੇ ਮਰ ਚੁੱਕੇ ਸਨ। ਪੁਲਿਸ ਨੇ ਲਾਸ਼ਾਂ ਨੂੰ ਖੱਡ ਵਿੱਚੋਂ ਕੱਢ ਕੇ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ ਹੈ। ਪੋਸਟਮਾਰਟਮ ਪੂਰਾ ਹੋਣ ਤੋਂ ਬਾਅਦ ਲਾਸ਼ਾਂ ਨੂੰ ਰਿਸ਼ਤੇਦਾਰਾਂ ਨੂੰ ਸੌਂਪ ਦਿੱਤਾ ਜਾਵੇਗਾ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।ਚੰਬਾ ਦੇ ਐਸਪੀ ਵਿਜੇ ਕੁਮਾਰ ਨੇ ਸੱਤ ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਹਾਦਸਾ ਦੇਰ ਰਾਤ ਹੋਇਆ ਸੀ, ਪਰ ਪੁਲਿਸ ਨੂੰ ਸਵੇਰੇ ਸੂਚਿਤ ਕੀਤਾ ਗਿਆ। ਮ੍ਰਿਤਕਾਂ ਵਿੱਚ ਤਿੰਨ ਔਰਤਾਂ ਅਤੇ ਚਾਰ ਪੁਰਸ਼ ਸ਼ਾਮਲ ਹਨ। ਹਾਦਸੇ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਬਲਾਚੌਰ ਲੋਕ ਭਲਾਈ ਮੰਚ ਦੇ ਦਫ਼ਤਰ ਦਾ ਉਦਘਾਟਨ 20 ਜੂਨ ਨੂੰ

**ਬਲਾਚੌਰ 18 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਬਲਾਚੌਰ ਹਲਕੇ ਦੇ ਵਿਕਾਸ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਬਣਾਏ ਗਏ ਬਲਾਚੌਰ ਲੋਕ ਭਲਾਈ ਮੰਚ ਦੇ ਦਫ਼ਤਰ ਦਾ ਰਸਮੀ ਉਦਘਾਟਨ 20 ਜੂਨ ਨੂੰ ਸਵੇਰੇ 10 ਵਜੇ ਗੜ੍ਹਸ਼ੰਕਰ ਰੋਡ ਤੇ ਸਿਆਣਾ ਵਿਖੇ ਕੀਤਾ ਜਾਵੇਗਾ। ਇਸ ਸਬੰਧੀ ਅੱਜ ਇੱਕ ਪ੍ਰੈਸ ਕਾਨਫਰੰਸ ਸਾਹਿਬ ਢਾਬਾਂ ਸੁੱਧਾਮਾਜਰਾ ਵਿਖੇ ਹੋਈ ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਮੰਚ ਦੇ ਆਗੂ ਅਸ਼ੋਕ ਕੁਮਾਰ ਨਾਨੋਵਾਲ, ਜਗਿੰਦਰ ਸਿੰਘ ਅਟਵਾਲ, ਹਰਕੰਵਲ ਸਿੰਘ ਕੌਲਗੜ੍ਹ ਅਤੇ ਕੁਲਜੀਤ ਸਿੰਘ ਲਾਡੀ ਫਿਰਨੀ ਮਜਾਰਾ ਨੇ ਦੱਸਿਆ ਕਿ ਮੰਚ ਦਾ ਗਠਨ ਇਲਾਕੇ ਦੀਆਂ ਲੋਕ ਭਲਾਈ ਨਾਲ ਜੁੜੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮੰਚ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਸੰਬੰਧਿਤ ਨਹੀਂ ਹੈ, ਸਗੋਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਬਲਾਚੌਰ ਹਲਕੇ ਦੇ ਸਰਵਪੱਖੀ ਵਿਕਾਸ ਲਈ ਕੰਮ ਕਰੇਗਾ। ਮੰਚ ਦਾ ਉਦੇਸ਼ ਇਲਾਕੇ ਵਿੱਚ ਸੜਕਾਂ, ਸਿਹਤ, ਸਿੱਖਿਆ, ਖੇਡਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਜੁੜੀਆਂ ਸਮੱਸਿਆਵਾਂ ਨੂੰ ਉਜਾਗਰ ਕਰਨਾ ਅਤੇ ਉਨ੍ਹਾਂ ਦੇ ਹੱਲ ਲਈ ਸਬੰਧਤ ਵਿਭਾਗਾਂ ਅਤੇ ਸਰਕਾਰੀ ਅਧਿਕਾਰੀਆਂ ਤੱਕ ਲੋਕਾਂ ਦੀ ਆਵਾਜ਼ ਪਹੁੰਚਾਉਣਾ ਹੈ। ਆਗੂਆਂ



ਨੇ ਦੱਸਿਆ ਕਿ ਮੰਚ ਵਿਸ਼ੇਸ਼ ਤੌਰ 'ਤੇ ਨੌਜਵਾਨਾਂ, ਖਿਡਾਰੀਆਂ ਅਤੇ ਵਿਦਿਆਰਥੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਦੇ ਹੱਲ ਲਈ ਯਤਨਸ਼ੀਲ ਰਹੇਗਾ। ਇਸ ਤੋਂ ਇਲਾਵਾ ਸਮਾਜਿਕ ਭਲਾਈ, ਵਾਤਾਵਰਨ ਸੰਭਾਲ ਅਤੇ ਹੋਰ ਲੋਕ ਹਿੱਤ ਦੇ ਕਾਰਜਾਂ ਵਿੱਚ ਵੀ ਮੰਚ ਸਰਗਰਮ ਭੂਮਿਕਾ ਨਿਭਾਏਗਾ।

ਉਨ੍ਹਾਂ ਦੱਸਿਆ ਕਿ 20 ਜੂਨ ਨੂੰ ਹੋਣ ਵਾਲੇ ਉਦਘਾਟਨੀ ਸਮਾਗਮ ਮੌਕੇ ਸੰਗਤਾਂ ਅਤੇ ਇਲਾਕਾ ਨਿਵਾਸੀਆਂ ਦੀ ਸੇਵਾ ਲਈ ਠੰਡੇ-ਮਿੱਠੇ ਜਲ ਦੀ ਛਬੀਲ ਵੀ ਲਗਾਈ ਜਾਵੇਗੀ। ਮੰਚ ਦੇ ਆਗੂਆਂ ਨੇ ਸਮੂਹ ਇਲਾਕਾ ਨਿਵਾਸੀਆਂ, ਸਮਾਜ ਸੇਵੀ ਸੰਸਥਾਵਾਂ, ਖੇਡ ਅਤੇ ਸਿੱਖਿਆ ਖੇਤਰ ਨਾਲ ਜੁੜੀਆਂ ਸ਼ਖਸੀਅਤਾਂ ਅਤੇ ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਸਮਾਗਮ ਵਿੱਚ ਸ਼ਾਮਲ ਹੋ ਕੇ ਮੰਚ ਨੂੰ ਆਪਣਾ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਲੋਕਾਂ ਦੇ ਸਹਿਯੋਗ ਨਾਲ ਇਹ ਮੰਚ ਬਲਾਚੌਰ ਹਲਕੇ ਦੀ ਤਰੱਕੀ ਅਤੇ ਭਲਾਈ ਲਈ ਇੱਕ ਪ੍ਰਭਾਵਸ਼ਾਲੀ ਮੰਚ ਸਾਬਤ ਹੋਵੇਗਾ।

# ਸਲਾਨਾ ਜੋੜ ਮੇਲਾ ਦਰਬਾਰ ਬਾਬਾ ਪੰਜ ਪੀਰ ਜੀ ਪਿੰਡ ਬੁਲੰਦਾ, ਜਲੰਧਰ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਦਰਬਾਰ ਬਾਬਾ ਪੰਜ ਪੀਰ ਜੀ ਦੇ ਮੁੱਖ ਸੇਵਾਦਾਰ ਰਮਨਦੀਪ ਕੌਰ ਜੀ ਨੇ ਜਾਣਕਾਰੀ ਦਿੰਦਿਆ ਦਸਿਆ ਕਿ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਦਰਬਾਰ ਬਾਬਾ ਪੰਜ ਪੀਰ ਜੀ ਸਲਾਨਾ ਜੋੜ ਮੇਲਾ ਮਿਤੀ 25 -26 ਜੂਨ 2026 ਦਿਨ ਵੀਰਵਾਰ ਤੇ ਸ਼ੁੱਕਰਵਾਰ ਨੂੰ ਪਿੰਡ ਬੁਲੰਦਾ ਤਹਿ. ਨਕੋਦਰ , ਜਲੰਧਰ ਵਿਖੇ ਬੜੀ ਹੀ ਸ਼ਰਧਾ ਪੂਰਵਕ ਨਾਲ ਕਰਵਾਇਆ ਜਾ ਰਿਹਾ ਹੈ। ਮਿਤੀ 25 ਜੂਨ ਦਿਨ ਵੀਰਵਾਰ ਨੂੰ ਝੰਡੇ ਦੀ ਰਸਮ ਸਵੇਰੇ 11 ਵਜੇ ਅਤੇ ਕਵਾਲ ਦਾ ਪ੍ਰੋਗਰਾਮ ਰਾਤ 9 ਵਜੇ ਕਰਵਾਇਆ ਜਾਵੇਗਾ । ਮਿਤੀ 26 ਜੂਨ ਦਿਨ ਸ਼ੁੱਕਰਵਾਰ ਨੂੰ ਦੁਪਹਿਰ 12 ਵਜੇ ਕਵਾਲ ਦਾ ਪ੍ਰੋਗਰਾਮ ਕਰਵਾਇਆ ਜਾਵੇਗਾ। ਮੇਲੇ ਵਿੱਚ ਹਾਜ਼ਰੀ ਲਗਵਾਉਣ ਲਈ ਪੰਜਾਬ ਦੇ ਬਹੁਤ ਹੀ ਮਸ਼ਹੂਰ ਕਵਾਲ ਨਾਜ਼ਕ ਅਲੀ ਫੈਜ਼ ਅਤੇ ਕਵਾਲ ਕੁਲਦੀਪ ਕਾਦਿਰ ਜੀ ਪਹੁੰਚਣਗੇ । ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ । ਮੁੱਖ ਸੇਵਾਦਾਰ ਰਮਨਦੀਪ ਕੌਰ ਜੀ ਨੇ ਦਸਿਆ ਕਿ ਮੇਲੇ ਦੇ ਆਯੋਜਨ ਵਿਚ ਬਹੁਤ ਸਹਿਯੋਗ ਕੀਤਾ ਗਿਆ ਸੁਰਜੀਤ ਮੱਟੂ , ਜਸਵੀਰ ਠੇਕੇਦਾਰ, ਨਗਰ ਨਿਵਾਸੀ , ਸਾਰੇ ਐਨ ਆਰ ਆਈ ਭਰਾ ਅਤੇ ਗ੍ਰਾਮ ਪੰਚਾਇਤ ਪਿੰਡ ਬੁਲੰਦਾ ਦੇ ਵਲੋਂ । ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ 9878203425 ਸੁਰਜੀਤ ਮੱਟੂ




9876854557 ਜਸਵੀਰ ਠੇਕੇਦਾਰ ਜੀ ਨਾਲ ।

## ਜੀ.ਐਸ. ਹੌਂਡਾ ਮੋਰਿੰਡਾ ਦੇ ਸ਼ੋਰੂਮ ਵਿੱਚ ਚੋਰੀ, ਚੋਰ ਦੀ ਫੋਟੋ ਸੀ.ਸੀ.ਟੀ.ਵੀ. 'ਚ ਕੈਦ

**ਮੋਰਿੰਡਾ, 18 ਜੂਨ (ਸੁਖਵਿੰਦਰ ਸਿੰਘ ਹੈਪੀ)** ਜੀ.ਟੀ. ਰੋਡ 'ਤੇ ਸਥਿਤ ਜੀ.ਐਸ. ਹੌਂਡਾ ਸ਼ੋਰੂਮ ਵਿੱਚ ਬੀਤੀ ਰਾਤ ਅਣਪਛਾਤੇ ਚੋਰ ਵੱਲੋਂ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ, ਇਸ ਵਾਰਦਾਤ ਦੌਰਾਨ ਸ਼ੋਰੂਮ ਦਾ ਲਗਭਗ 75,000 ਰੁਪਏ ਦਾ ਨੁਕਸਾਨ ਹੋਣ ਦਾ ਅੰਦਾਜ਼ਾ ਹੈ। ਸ਼ੋਰੂਮ ਦੇ ਮਾਲਕ ਮਨਦੀਪ ਸਿੰਘ ਬੰਟੀ ਨੇ ਦੱਸਿਆ ਕਿ ਜਦੋਂ ਉਹ ਸਵੇਰੇ ਸ਼ੋਰੂਮ 'ਤੇ ਪਹੁੰਚੇ ਤਾਂ ਉਨ੍ਹਾਂ ਨੂੰ ਚੋਰੀ ਬਾਰੇ ਪਤਾ ਲੱਗਾ।



ਵਾਰਦ-ਾਤ ਦੀ ਸਾਰੀ ਘਟਨਾ ਸ਼ੋਰੂਮ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿੱਚ ਕੈਦ ਹੋ ਗਈ ਹੈ, ਜਿਸ ਵਿੱਚ ਚੋਰ ਸਾਫ਼ ਨਜ਼ਰ ਆ ਰਿਹਾ ਹੈ। ਮਾਲਕ ਮਨਦੀਪ ਸਿੰਘ ਬੰਟੀ ਵੱਲੋਂ ਇਸ ਚੋਰੀ ਸਬੰਧੀ ਸਥਾਨਕ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸੀ.ਸੀ.ਟੀ.ਵੀ. ਫੁਟੇਜ ਨੂੰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਚੋਰ ਦੀ ਭਾਲ ਦੇ ਨਾਲ-ਨਾਲ ਮਾਮਲੇ ਦੀ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸਲਾਨਾ ਜੋੜ ਮੇਲਾ ਅਤੇ ਛਿੰਜ ਮੇਲਾ ਪਿੰਡ ਔਜਲਾ








**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਬਾਬਾ ਜੀ ਜਸਵਿੰਦਰ ਸਿੰਘ ਪਿੰਡ ਔਜਲੇ ਵਾਲੇ ਜੀ ਨੇ ਦਸਿਆ ਕਿ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਲੱਖਾਂ ਦੇ ਦਾਤੇ ਦੇ ਦਰਬਾਰ ਪਿੰਡ ਔਜਲਾ ਵਿਖੇ ਸਲਾਨਾ ਜੋੜ ਮੇਲਾ ਅਤੇ ਛਿੰਜ ਮੇਲਾ ਮਿਤੀ 16 ਜੂਨ 2026 ਦਿਨ ਮੰਗਲਵਾਰ ( 2 ਹਾੜ) ਨੂੰ ਬੜ੍ਹੀ ਧੂਮ ਧਾਮ ਨਾਲ ਕਰਵਾਇਆ ਗਿਆ ਹੈ । ਜਿਸ ਵਿਚ ਹਾਜ਼ਰੀ ਲਗਵਾਈ ਪੰਜਾਬ ਦੀ ਸੁਰੀਲੀ ਦੋਗਾਣਾ ਗਾਇਕ ਜੋੜੀ ਕੁਲਦੀਪ ਰਸੀਲਾ ਅਤੇ ਖੁਸ਼ਦੀਪ ਖੁਸ਼ੀ। ਪੰਜਾਬ ਦੀ ਬਹੁਤ ਹੀ ਮਸ਼ਹੂਰ ਗਾਇਕ ਜੋੜੀ ਅਮਰੀਕ ਮਾਈਕਲ ਅਤੇ ਨੂਰ ਸਿੱਧੂ ਅਤੇ ਗਾਇਕ ਜੈਲਾ ਸ਼ੇਖੂਪੁਰੀਆ । ਮੇਲੇ ਦੀ ਰਾਤ ਦਰਬਾਰ ਤੇ ਇਸ਼ੂ ਨਕਾਲ ਪਾਰਟੀ ( ਨਵਾਂਸ਼ਹਿਰ ਵਾਲੇ)ਵਲੋਂ ਹਾਜ਼ਰੀ ਲਗਵਾਈ ਗਈ । ਮੇਲੇ ਵਿਚ ਪੰਜਾਬ ਦੇ ਬਹੁਤ ਬਲਵਾਨ ਪਹਿਲਵਾਨਾਂ ਵਲੋ ਕੁਸ਼ਤੀਆਂ ਕਰਵਾਈਆਂ ਗਈਆਂ। ਬਾਬਾ ਜੀ ਦਾ ਅਟੁੱਟ ਲੰਗਰ ਵਰਤਾਇਆ ਗਿਆ ਅਤੇ ਠੰਡੇ ਮਿੱਠੇ ਜਲ ਦੀਆ ਛਬੀਲਾ ਲਗਾਈਆਂ ਗਈਆਂ । ਮੇਲੇ ਵਿੱਚ ਮੁੱਖ ਤੌਰ ਤੇ ਸਹਿਯੋਗ ਕੀਤਾ ਗਿਆ ਪਿੰਡ ਅਤੇ ਨਗਰ ਪੰਚਾਇਤ ਵਲੋਂ ਅਤੇ ਸਾਰੇ ਐਨ ਆਰ ਆਈ ਭਰਾਵਾਂ ਵਲੋ । ਮੇਲੇ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਅਵਤਾਰ ਸਿੰਘ ਯੂ ਕੇ ਅਤੇ ਉਹਨਾਂ ਦੀ ਧਰਮ ਪਤਨੀ । ਮੇਲੇ ਵਿੱਚ ਪਹੁੰਚੇ ਕਲਾਕਾਰਾਂ ਅਤੇ ਪਹਿਲਵਾਨਾਂ ਦਾ ਮੁੱਖ ਸੇਵਾਦਾਰ ਬਾਬਾ ਜੀ ਜਸਵਿੰਦਰ ਸਿੰਘ ਔਜਲਾ, ਮੇਲੇ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵਲੋ ਮਾਣ ਸਨਮਾਨ ਕੀਤਾ ਗਿਆ । ਮੇਲੇ ਵਿੱਚ ਪਹੁੰਚੇ ਸਾਰੇ ਪ੍ਰੈਸ ਮੀਡੀਆ ਅਤੇ ਪੱਤਰਕਾਰਾਂ ਦਾ ਬਾਬਾ ਜੀ ਵੱਲੋ ਬਹੁਤ ਧੰਨਵਾਦ ਕੀਤਾ ਗਿਆ ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਹਲਕਾ ਬਲਾਚੌਰ ਵਿੱਚ ਔਰਤਾਂ ਲਈ ਵਿਸ਼ੇਸ਼ ਯੋਜਨਾ ਦੇ ਫਾਰਮ ਭਰਨ ਦਾ ਕੰਮ ਸ਼ੁਰੂ : ਕਰਨਵੀਰ ਕਟਾਰੀਆ

**ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚਲਾਈ ਯੋਜਨਾ ਤਹਿਤ ਜਨਰਲ ਸ਼੍ਰੇਣੀ ਨੂੰ 1000 ਅਤੇ ਐਸ.ਸੀ. ਭਾਈਚਾਰੇ ਦੀਆਂ ਔਰਤਾਂ ਨੂੰ ਮਿਲਣਗੇ 1500 ਰੁਪਏ, ਮਹਿਲਾ ਸਖੀਆਂ ਘਰ-ਘਰ ਜਾ ਕੇ ਭਰਨਗੀਆਂ ਫਾਰਮ**

**ਬਲਾਚੌਰ, 18 ਜੂਨ (ਜਤਿੰਦਰ ਪਾਲ ਸਿੰਘ ਕਲੇਰ)** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮਾਤਾਵਾਂ ਅਤੇ ਭੈਣਾਂ ਨੂੰ ਦਿੱਤੀ ਗਈ ਗਾਰੰਟੀ ਨੂੰ ਪੂਰਾ ਕਰਦਿਆਂ ਵਿਸ਼ੇਸ਼ ਯੋਜਨਾ ਤਹਿਤ ਫਾਰਮ ਭਰਨ ਅਤੇ ਰਜਿਸਟ੍ਰੇਸ਼ਨ ਦਾ ਕੰਮ ਹਲਕਾ ਬਲਾਚੌਰ ਵਿੱਚ ਬੇਹਤਰੀਨ ਤਰੀਕੇ ਨਾਲ ਸ਼ੁਰੂ ਹੋ ਚੁੱਕਾ ਹੈ। ਇਸ ਸਬੰਧੀ ਵਿਸਤ੍ਰਿਤ ਚਾਨਣਾ ਪਾਉਂਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਜਿਲ੍ਹਾਂ ਪਰੀਸ਼ਦ ਮੈਂਬਰ ਕਰਨਵੀਰ ਕਟਾਰੀਆ ਨੇ ਦੱਸਿਆ ਕਿ ਸਰਕਾਰ ਵੱਲੋਂ ਚਲਾਈ ਗਈ ਇਸ ਲੋਕ-ਭਲਾਈ ਯੋਜਨਾ ਤਹਿਤ ਜਨਰਲ ਸ਼੍ਰੇਣੀ ਦੀਆਂ ਗਰੀਬ ਔਰਤਾਂ ਨੂੰ 1000 ਰੁਪਏ ਅਤੇ ਐਸ.ਸੀ. ਭਾਈਚਾਰੇ ਨਾਲ ਸਬੰਧਿਤ ਔਰਤਾਂ ਨੂੰ 1500 ਰੁਪਏ ਦੀ ਮਹੀਨਾਵਾਰ ਵਿੱਤੀ ਸਹਾਇਤਾ ਦਿੱਤੀ ਜਾਣੀ ਹੈ, ਜਿਸ ਦਾ ਮੁਕੰਮਲ ਸਿਸਟਮ ਹਲਕੇ ਅੰਦਰ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਹੈ।

ਕਰਨਵੀਰ ਕਟਾਰੀਆ ਨੇ ਆਮ ਲੋਕਾਂ ਅਤੇ ਔਰਤਾਂ ਦੀ ਸਹੂਲਤ ਲਈ ਫਾਰਮ ਭਰਨ ਦੀ ਪੂਰੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸੇ ਵੀ ਮਾਤਾ-ਭੈਣ ਨੂੰ ਕਨਫਿਊਜ਼ ਹੋਣ ਦੀ ਬਿਲਕੁਲ ਲੋੜ ਨਹੀਂ ਹੈ। ਸਰਕਾਰ ਅਤੇ ਸਬੰਧਿਤ ਡਿਪਾਰਟਮੈਂਟ ਵੱਲੋਂ ਇਸ ਕੰਮ ਲਈ ਵਿਸ਼ੇਸ਼ ਤੌਰ 'ਤੇ 'ਮਹਿਲਾ



ਸਖੀਆਂ' ਤਾਇਨਾਤ ਕੀਤੀਆਂ ਗਈਆਂ ਹਨ, ਜੋ ਪਿੰਡਾਂ ਅਤੇ ਸ਼ਹਿਰਾਂ ਦੇ ਵਾਰਡਾਂ ਵਿੱਚ ਘਰ-ਘਰ ਜਾ ਕੇ ਖੁਦ ਫਾਰਮ ਭਰਨਗੀਆਂ ਅਤੇ ਉਨ੍ਹਾਂ ਨੂੰ ਜਮਾਂ ਕਰਵਾਉਣ ਦੀ ਜ਼ਿੰਮੇਵਾਰੀ ਵੀ ਨਿਭਾਉਣਗੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕਿਸੇ ਕਾਰਨ ਕਰਕੇ ਕੋਈ ਮਹਿਲਾ ਸਖੀ ਕਿਸੇ ਦੇ ਘਰ ਨਹੀਂ ਪਹੁੰਚ ਪਾਉਂਦੀ, ਤਾਂ ਉਹ ਔਰਤਾਂ ਆਪਣੇ ਨੇੜਲੇ ਆਂਗਣਵਾੜੀ ਸੈਂਟਰ ਵਿਖੇ ਜਾ ਕੇ ਇਸ ਯੋਜਨਾ ਲਈ ਬਹੁਤ ਹੀ ਆਸਾਨੀ ਨਾਲ ਅਪਲਾਈ ਕਰ ਸਕਦੀਆਂ ਹਨ।

ਸਰਕਾਰ ਵੱਲੋਂ ਬਣਾਏ ਗਏ ਡਿਜੀਟਲ ਅਤੇ ਪਾਰਦਰਸ਼ੀ ਸਿਸਟਮ ਦੀ ਸ਼ਲਾਘਾ ਕਰਦਿਆਂ ਕਟਾਰੀਆ ਨੇ ਦੱਸਿਆ ਕਿ ਜਿਸ ਦਿਨ ਲੋੜਵੰਦ ਵੱਲੋਂ ਫਾਰਮ ਅਪਲਾਈ ਕੀਤਾ ਜਾਂਦਾ ਹੈ, ਉਸੇ ਦਿਨ ਵਿਭਾਗ ਵੱਲੋਂ ਬਕਾਇਦਾ ਫੋਨ ਕਾਲ ਰਾਹੀਂ ਵੈਰੀਫਿਕੇਸ਼ਨ ਕੀਤੀ ਜਾਂਦੀ ਹੈ, ਜਿਸ ਨੂੰ ਬਿਨੈਕਾਰ ਨੇ ਵੈਰੀਫਾਈ ਕਰਨਾ ਹੁੰਦਾ ਹੈ। ਇਸ ਤੋਂ ਬਾਅਦ ਖਾਤੇ ਦੀ ਸੁਰੱਖਿਆ ਅਤੇ ਸਪੱਸ਼ਟਤਾ ਦੀ ਜਾਂਚ ਲਈ ਟੈਸਟਿੰਗ ਵਜੋਂ ਖਾਤੇ ਵਿੱਚ ਇੱਕ ਰੁਪਿਆ ਪਾ ਕੇ ਚੈੱਕ ਕੀਤਾ ਜਾਂਦਾ ਹੈ ਕਿ ਦਿੱਤਾ ਗਿਆ ਬੈਂਕ ਖਾਤਾ ਬਿਲਕੁਲ ਸਹੀ ਹੈ ਜਾਂ ਨਹੀਂ। ਖਾਤੇ ਵਿੱਚ ਪੈਸੇ ਟ੍ਰਾਂਸਫਰ ਹੋਣ ਤੋਂ ਬਾਅਦ ਵਿਭਾਗ ਵੱਲੋਂ ਦੁਬਾਰਾ ਫੋਨ ਕਰਕੇ ਮੈਸੇਜ ਆਉਣ ਦੀ ਪੁਸ਼ਟੀ ਕੀਤੀ ਜਾਂਦੀ ਹੈ ਅਤੇ ਵੈਰੀਫਿਕੇਸ਼ਨ ਮੁਕੰਮਲ ਹੁੰਦਿਆਂ ਹੀ ਆਉਣ ਵਾਲੇ ਜੁਲਾਈ ਮਹੀਨੇ ਤੋਂ ਇਸ ਸਕੀਮ ਦੇ ਪੈਸੇ ਹਰ ਮਹੀਨੇ ਨਿਰੰਤਰ ਖਾਤਿਆਂ ਵਿੱਚ ਪੈਣੇ ਸ਼ੁਰੂ ਹੋ ਜਾਣਗੇ।

ਉਨ੍ਹਾਂ ਨੇ ਹਲਕੇ ਦੀਆਂ ਸਮੂਹ ਮਾਤਾਵਾਂ ਅਤੇ ਭੈਣਾਂ ਨੂੰ ਇੱਕ ਵਿਸ਼ੇਸ਼ ਤੇ ਜ਼ਰੂਰੀ ਬੇਨਤੀ ਕਰਦਿਆਂ ਕਿਹਾ ਕਿ ਜਿਨ੍ਹਾਂ ਔਰਤਾਂ ਦੇ ਮੋਬਾਈਲ ਨੰਬਰ ਉਨ੍ਹਾਂ ਦੇ ਬੈਂਕ ਖਾਤਿਆਂ ਨਾਲ ਲਿੰਕ ਜਾਂ ਅਪਡੇਟ ਨਹੀਂ ਹਨ, ਉਹ ਤੁਰੰਤ ਆਪਣੇ ਬੈਂਕ ਜਾ ਕੇ ਨੰਬਰ ਅਪਡੇਟ ਕਰਵਾ ਲੈਣ। ਵਿਭਾਗ ਵੱਲੋਂ ਖਾਤੇ ਦੀ ਜਾਂਚ ਸਮੇਂ 10 ਤੋਂ 15 ਮਿੰਟਾਂ ਦੇ ਅੰਦਰ ਬੈਕ ਕਾਲ ਕਰਕੇ ਮੈਸੇਜ ਬਾਰੇ ਪੁੱਛਿਆ ਜਾਂਦਾ ਹੈ, ਜੋ ਕਿ ਖਾਤੇ ਨਾਲ ਮੋਬਾਈਲ ਨੰਬਰ ਅਟੈਚ ਹੋਣ 'ਤੇ ਹੀ ਸੰਭਵ ਹੋ ਸਕੇਗਾ। ਅੰਤ ਵਿੱਚ ਕਰਨਵੀਰ ਕਟਾਰੀਆ ਨੇ ਵਿਸ਼ਵਾਸ ਦਵਾਇਆ ਕਿ ਜੇਕਰ ਹਲਕਾ ਬਲਾਚੌਰ ਦੇ ਕਿਸੇ ਵੀ ਪਿੰਡ, ਸ਼ਹਿਰ ਜਾਂ ਮੁਹੱਲੇ ਵਿੱਚ ਕਿਸੇ ਮਾਤਾ-ਭੈਣ ਨੂੰ ਫਾਰਮ ਭਰਨ ਵਿੱਚ ਕੋਈ ਵੀ ਦਿੱਕਤ ਆਉਂਦੀ ਹੈ, ਤਾਂ ਉਹ 24 ਘੰਟੇ ਸਾਡੇ ਦਫ਼ਤਰ ਵਿਖੇ ਆ ਕੇ ਸਟਾਫ਼ ਨਾਲ ਸੰਪਰਕ ਕਰ ਸਕਦੀਆਂ ਹਨ, ਪਾਰਟੀ ਲੀਡਰਸ਼ਿਪ ਅਤੇ ਸਟਾਫ਼ ਹਰ ਵੇਲੇ ਜਨਤਾ ਦੀ ਸੇਵਾ ਲਈ ਹਾਜ਼ਰ ਹੈ।

# ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਦੇ ਛੁੱਟੀ ਵਾਲੇ ਦਿਨ ਵੀ ਫਾਰਮ ਭਰੇ

**ਰਾਏਕੋਟ ਗੁਰਭਿੰਦਰ ਗੁਰੀ**

-ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਦੇ ਅੱਜ ਵੀਰਵਾਰ ਨੂੰ ਸਰਕਾਰੀ ਛੁੱਟੀ ਵਾਲੇ ਦਿਨ ਵੀ ਫਾਰਮ ਭਰੇ ਗਏ।ਇਸ ਸਬੰਧੀ ਜਾਣਕਾਰੀ ਦਿੰਦਿਆ ਆਗਣਵਾੜੀ ਵਰਕਰ ਯੂਨੀਅਨ ਦੀ ਸਰਕਲ ਪ੍ਰਧਾਨ ਨਿਰਮਲਜੀਤ ਕੌਰ ਅਤੇ ਆਗਣਵਾੜੀ ਵਰਕਰ ਯੂਨੀਅਨ ਦੀ ਸਰਕਲ ਪ੍ਰੈਸ ਸਕੱਤਰ ਅੰਮ੍ਰਿਤਪਾਲ ਸ਼ਰਮਾਂ ਨੇ ਕਿਹਾ ਕਿ ਪੰਜਵੀਂ ਪਾਤਸਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਅੱਜ ਪੂਰੇ ਦੇਸ ਵਿਚ ਸੰਗਤਾ ਵੱਲੋ ਸਰਧਾ-ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਅਤੇ ਪੰਜਾਬ ਦੇ ਸਾਰੇ ਸਰਕਾਰੀ ਦਫਤਰਾ ਵਿਚ ਸਰਕਾਰੀ ਛੁੱਟੀ ਹੈ ਪਰ ਸੂਬਾ ਸਰਕਾਰ ਵੱਲੋ ਉਨ੍ਹਾ ਨੂੰ ਸਖਤ ਨਿਰਦੇਸ ਜਾਰੀ ਕੀਤੇ




ਗਏ ਹਨ ਕਿ ਛੁੱਟੀ ਵਾਲੇ ਦਿਨ ਵੀ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਦੇ ਭਾਰਮ ਭਰੇ ਜਾਣ,ਉਨ੍ਹਾ ਕਿਹਾ ਕਿ ਸੂਬਾ ਸਰਕਾਰ ਵੱਲੋ ਭਾਰਮ ਭਰਨ ਲਈ ਉਨ੍ਹਾ ਨੂੰ ਨਾ ਕੋਈ ਮੋਬ-ਾਇਲ ਫੋਨ ਅਤੇ ਨਾ ਹੀ ਮੋਬ-ਾਇਲ ਦਾ ਖਰਚਾ ਦਿੱਤਾ ਗਿਆ ਹੈ ਉਹ ਆਪਣੇ ਨਿਜੀ ਫੋਨਾ ਤੇ ਹੀ ਪਿੰਡ ਦੀਆ ਔਰਤਾ ਦੇ ਫਾਰਮ ਭਰ ਰਹੀਆ ਹਨ।ਉਨ੍ਹਾ ਕਿਹਾ ਕਿ ਫਾਰਮ ਭਰਨ ਲਈ ਦੋ ਟੀਮਾ ਬਣਾਈਆ ਗਈਆ ਹਨ ਇੱਕ ਟੀਮ ਮਹਿਲਾ ਸਖੀਆ ਘਰ-ਘਰ ਜਾ ਕੇ ਔਰਤਾ ਦੇ ਫਾਰਮ ਭਰ ਰਹੀਆ ਹਨ ਅਤੇ ਉਹ ਫਾਰਮ ਲੈ ਕੇ ਔਰਤਾ ਦੂਜੀ ਟੀਮ ਆਗਣਵਾੜੀ ਵਰਕਰਾ ਤੋ ਆਪਣਾ ਫਾਰਮ ਆਨਲਾਇਨ ਕਰਵਾ ਰਹੀਆ ਹਨ।ਉਨ੍ਹਾ ਪਿੰਡ ਮੱਲ੍ਹਾ ਦੀਆ ਸਮੂਹ ਔਰਤਾ ਨੂੰ ਬੇਨਤੀ ਕੀਤੀ ਕਿ ਕਿਸੇ ਵੀ ਅਧਿਕਾਰੀ ਨੂੰ ਫਾਰਮ ਭਰਨ ਦਾ ਕੋਈ ਪੈਸਾ ਨਾ ਦਿੱਤਾ ਜਾਵੇ।ਉਹ ਪਿੰਡ ਦੀਆ ਔਰਤਾ ਦੇ ਫਰੀ ਫਾਰਮ ਭਰਨਗੀਆ।ਇਸ ਮੌਕੇ ਯਸਪ੍ਰੀਤ ਕੌਰ,ਬਲਜੀਤ ਕੌਰ,ਪਰਮਜੀਤ ਕੌਰ,ਸਰਨਜੀਤ ਕੌਰ,ਹਰਪ੍ਰੀਤ ਕੌਰ,ਅਮਨਦੀਪ ਕੌਰ,ਸਰਬਜੀਤ ਕੌਰ,ਜਸਪ੍ਰੀਤ ਕੌਰ, ਬਲਜਿੰਦਰ ਕੌਰ,ਫਤਹਿ ਸਿੰਘ ਆਦਿ ਹਾਜ਼ਰ ਸਨ।

# ਜਹਾਜ਼ ਦੇ ਲੈਂਡਿੰਗ ਗੀਅਰ ਵਿੱਚ ਲੁਕ ਕੇ ਬਰਤਾਨੀਆ ਆਉਣ ਦੀ ਕੋਸ਼ਿਸ਼ ਕਰ ਰਹੇ ਵਿਅਕਤੀ ਦੀ ਮੌਤ

**ਲੈਸਟਰ (ਇੰਗਲੈਂਡ), 18 ਜੂਨ (ਸੁਖਜਿੰਦਰ ਸਿੰਘ ਢੱਡੇ)–** ਮੋਰੱਕੋ ਤੋਂ ਬਰਤਾਨੀਆ ਆ ਰਹੇ ਇੱਕ ਯਾਤਰੀ ਜਹਾਜ਼ ਦੇ ਲੈਂਡਿੰਗ ਗੀਅਰ ਵਿੱਚ ਲੁਕ ਕੇ ਸਫ਼ਰ ਕਰਨ ਦੀ ਕੋਸ਼ਿਸ਼ ਕਰ ਰਹੇ ਇੱਕ ਵਿਅਕਤੀ ਦੀ ਦਰਦਨਾਕ ਮੌਤ ਹੋ ਗਈ। ਇਹ ਘਟਨਾ ਉਸ ਸਮੇਂ ਸਾਹਮਣੇ ਆਈ ਜਦੋਂ ਮੋਰੱਕੋ ਦੇ ਤਾਂਜੀਅਰ ਸ਼ਹਿਰ ਤੋਂ ਇੰਗਲੈਂਡ ਦੇ ਗੈਟਵਿਕ ਹਵਾਈ ਅੱਡੇ ਪਹੁੰਚੀ ਏਅਰ ਅਰਬੀਆ ਮੋਰੱਕੋ ਦੀ ਉਡਾਣ ਦੇ ਲੈਂਡਿੰਗ ਗੀਅਰ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਬਰਾਮਦ ਕੀਤੀ ਗਈ।

ਜਾਣਕਾਰੀ ਅਨੁਸਾਰ ਮ੍ਰਿਤਕ ਵਿਅਕਤੀ ਜਹਾਜ਼ ਦੇ ਉਡਾਣ ਭਰਨ ਤੋਂ ਪਹਿਲਾਂ ਉਸ ਦੇ ਅੰਡਰਕੈਰੇਜ (ਲੈਂਡਿੰਗ ਗੀਅਰ) ਵਿੱਚ ਲੁਕ ਗਿਆ ਸੀ। ਜਹਾਜ਼ ਦੇ ਗੈਟਵਿਕ ਹਵਾਈ ਅੱਡੇ 'ਤੇ ਉਤਰਣ ਮਗਰੋਂ ਕਰੀਬ 11:45 ਵਜੇ ਕਰਮਚਾਰੀਆਂ ਨੂੰ ਲਾਸ਼ ਮਿਲੀ, ਜਿਸ ਤੋਂ ਬਾਅਦ ਐਮਰਜੈਂਸੀ ਸੇਵਾਵਾਂ ਅਤੇ ਪੁਲਿਸ ਨੂੰ ਸੂਚਿਤ ਕੀਤਾ ਗਿਆ।

ਮਾਹਿਰਾਂ ਅਨੁਸਾਰ ਲੈਂਡਿੰਗ ਗੀਅਰ ਵਿੱਚ ਲੁਕ ਕੇ ਸਫ਼ਰ ਕਰਨਾ ਬੇਹੱਦ ਖ਼ਤਰਨਾਕ ਹੁੰਦਾ ਹੈ। ਉਡਾਣ ਦੌਰਾਨ ਲੈਂਡਿੰਗ ਗੀਅਰ ਅੰਦਰ ਸਮੇਟਿਆ ਜਾਂਦਾ ਹੈ, ਜਿਸ ਕਾਰਨ ਵਿਅਕਤੀ ਦੇ ਕੁਚਲੇ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਉੱਚਾਈ 'ਤੇ ਬਹੁਤ ਘੱਟ ਤਾਪਮਾਨ, ਆਕਸੀਜਨ ਦੀ ਕਮੀ ਅਤੇ ਹਵਾ ਦੇ ਘੱਟ ਦਬਾਅ ਕਾਰਨ ਵੀ ਜਾਨ ਜਾਣ ਦੀ ਸੰਭਾਵਨਾ ਹੁੰਦੀ ਹੈ।

ਏਅਰ ਅਰਬੀਆ ਮੋਰੱਕੋ ਦੇ ਬੁਲਾਰੇ ਨੇ ਕਿਹਾ ਕਿ ਘਟਨਾ ਦੀ ਜਾਣਕਾਰੀ ਮਿਲਦੇ ਹੀ ਸਬੰਧਤ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਅਤੇ ਕੰਪਨੀ ਜਾਂਚ ਵਿੱਚ ਪੂਰਾ ਸਹਿਯੋਗ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਦੁਖਦਾਈ ਘਟਨਾ ਨਾਲ ਪ੍ਰਭਾਵਿਤ ਸਾਰੇ ਲੋਕਾਂ ਪ੍ਰਤੀ ਉਨ੍ਹਾਂ ਦੀਆਂ ਹਮਦਰਦੀਆਂ ਹਨ।ਸਸੈਕਸ ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕੋਰੋਨਰ ਨੂੰ ਰਿਪੋਰਟ ਭੇਜੀ ਜਾਵੇਗੀ। ਉੱਧਰ ਗੈਟਵਿਕ ਹਵਾਈ ਅੱਡਾ ਪ੍ਰਬੰਧਨ ਨੇ ਵੀ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਹਵਾਈ ਅੱਡੇ ਦੀਆਂ ਐਮਰਜੈਂਸੀ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਪੁਲਿਸ ਅਤੇ ਹੋਰ ਅਧਿਕਾਰੀਆਂ ਦੀ ਸਹਾਇਤਾ ਕੀਤੀ।

# ਅਵਤਾਰ ਸਿੰਘ ਨੰਦਪੁਰੀ ਐਸ ਸੀ ਡਿਪਾਰਟਮੈਂਟ ਦੇ ਸੈਕਟਰੀ ਨਿਯੁਕਤ

**ਹਾਈ ਕਮਾਂਡ ਵੱਲੋਂ ਦਿੱਤੀ ਜਿੰਮੇਵਾਰੀ ਨੂੰ ਤਨ ਦੇਹੀ ਨਾਲ ਨਿਭਾਵਾਂਗਾ – ਅਵਤਾਰ ਸਿੰਘ ਅਨੰਦਪੁਰੀ**

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)**
ਹਲਕਾ ਸਾਨੇਵਾਲ ਦੇ ਅਵਤਾਰ ਸਿੰਘ ਨੰਦਪੁਰੀ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਐਸ ਸੀ ਡਿਪਾਰਟਮੈਂਟ ਦਾ ਸੈਕਟਰੀ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਆਲ ਇੰਡੀਆ ਕਾਂਗਰਸ ਐਸ ਸੀ ਡਿਪਾਰਟਮੈਂਟ ਦੇ ਚੇਅਰਮੈਨ ਰਜਿੰਦਰ ਪਾਲ ਗੌਤਮ ਵੱਲੋਂ ਕੀਤੀ ਗਈ ਹੈ। ਜਿਸ ਦਾ ਸ਼ਹਿਰ ਦੇ ਕਾਂਗਰਸੀ ਆਗੂਆਂ ਤੇ ਹੋਰ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਵੱਲੋਂ ਭਰਵਾਂ ਸਵਾਗਤ ਕੀਤਾ। ਅਵਤਾਰ ਸਿੰਘ ਅਨੰਦਪੁਰੀ ਨੇ ਇਹ ਵੱਡਾ ਮਾਣ ਦਿੱਤੇ



ਜਾਣ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪੰਜਾਬ ਕਾਂਗਰਸ ਦੇ ਇਨਚਾਰਜ ਸੁਧੀਰ ਚੌਧਰੀ ਦਾ ਧੰਨਵਾਦ ਕੀਤਾ।

# ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਵਿਖੇ ਮਨਾਇਆ ਪੰਚਮ ਪਾਤਸ਼ਾਹ ਦਾ ਸ਼ਹੀਦੀ ਪੁਰਬ

## ਮੀਰੀ ਪੀਰੀ ਸੇਵਾ ਸਿਮਰਨ ਕਲੱਬ ਨੇ ਠੰਡੇ ਮਿੱਠੇ ਜਲ ਦੀ ਲਗਾਈ ਛਬੀਲ

**ਹੁਸ਼ਿਆਰਪੁਰ, 18 ਜੂਨ (ਤਰਸੇਮ ਦੀਵਾਨਾ )** ਪੰਚਮ ਪਾਤਸ਼ਾਹ ਸ਼ਹੀਦਾਂ ਦੇ ਸਰਤਾਜ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਟਿੱਬਾ ਸਾਹਿਬ ਸੇਵਾ ਸਿਮਰਨ ਸਭਾ, ਮੀਰੀ ਪੀਰੀ ਸੇਵਾ ਸਿਮਰਨ ਕਲੱਬ,ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਅਤੇ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ਼੍ਰੀ ਹਰਿ ਜੀ ਸਹਾਇ ਮਹਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਵਿਖੇ ਮਨਾਇਆ ਗਿਆ । ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਸਜਾਏ ਗਏ ਵਿਸ਼ੇਸ਼ ਕੀਰਤਨ ਦੀਵਾਨ ਵਿੱਚ ਭਾਈ ਬਰਿੰਦਰ ਸਿੰਘ ਸ਼ੇਰਗੜ੍ਹ ਵਾਲੇ, ਭਾਈ ਸਤਿੰਦਰ ਸਿੰਘ ਆਲਮ ਹਜ਼ੂਰੀ ਰਾਗੀ ਅਤੇ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਦੇ ਬੱਚਿਆਂ ਦੀ ਜਥਿਆਂ ਵੱਲੋਂ ਇਲਾਹੀ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ । ਇਸ ਮੌਕੇ ਕਥਾ ਵਾਚਕ ਗਿਆਨੀ ਜਸਵਿੰਦਰ ਸਿੰਘ ਪਰਮਾਰ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੰਦਿਆਂ ਗੁਰ ਇਤਿਹਾਸ ਦੀ ਸਾਂਝ ਪਾਈ । ਇਸ ਤੋਂ ਇਲਾਵਾ ਕਾਕਾ ਸਤਵਿੰਦਰ ਸਿੰਘ, ਕਾਕਾ ਪਰਮਿੰਦਰ ਸਿੰਘ, ਹਰਭਜਨ ਸਿੰਘ, ਰਣਵੀਰ ਸਿੰਘ ਰਾਣਾ ਅਤੇ ਬੀਬੀ ਹਰਦੀਪ ਕੌਰ ਵੱਲੋਂ ਸ਼ਬਦ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸੰਬੰਧਿਤ ਕਵਿਤਾ ਗਾਇਨ ਕੀਤਾ । ਇਸ ਮੌਕੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ 45 ਦਿਨਾਂ ਵਾਹਿਗੁਰੂ ਨਾਮ ਸਿਮਰਨ





ਦੀ ਲੜੀ ਵਿੱਚ ਭਾਗ ਲੈਣ ਵਾਲੀਆਂ ਸੰਗਤਾਂ ਦਾ ਸਨਮਾਨ ਵੀ ਕੀਤਾ ਗਿਆ ਅਤੇ ਇਹਨਾਂ ਸੰਗਤਾਂ ਦੀ ਗੁਰਧਾਮਾਂ ਦੀ ਯਾਤਰਾ ਕਰਵਾਉਣ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ । ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਦਰਸ਼ਨ ਸਿੰਘ ਪਲਾਹਾ ਜਸਵਿੰਦਰ ਸਿੰਘ ਪਰਮਾਰ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਮੰਚ ਸੰਚਾਲਨ ਦੀ ਸੇਵਾ ਗੁਰਬਿੰਦਰ ਸਿੰਘ ਪਲਾਹਾ ਵੱਲੋਂ ਨਿਭਾਈ ਗਈ । ਇਸ ਮੌਕੇ ਸਰਬਜੀਤ ਸਿੰਘ ਬਡਵਾਲ ਚੇਅਰਮੈਨ ਮੀਰੀ ਪੀਰੀ ਸੇਵਾ ਸਿਮਰਨ ਕਲੱਬ, ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਜਨਰਲ ਸਕੱਤਰ, ਹਰਬੰਸ ਸਿੰਘ ਸੈਬ,ਗੁਰਦੀਪ ਸਿੰਘ ਸੈਬ, ਗੁਰਦੇਵ ਸਿੰਘ ਮੰਡੀ ਬੋਰਡ,ਸਤਪਾਲ ਸਿੰਘ ਭੋਗਲ,ਹਰਬਖਸ਼ਪਾਲ ਸਿੰਘ, ਕੁਲਵਿੰਦਰ ਕੌਰ ਪਰਮਾਰ, ਲਵਲੀਨ ਕੌਰ ਪਰਮਾਰ, ਸੰਤੋਸ਼ ਕੌਰ ਪਰਮਾਰ,ਹਰਦੀਪ ਕੌਰ ਨਿੱਜਰ,ਅਮਰੀਕ ਸਿੰਘ ਰੀਹਲ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੰਗਤਾ ਹਾਜ਼ਰ ਸਨ। ਸਮਾਗਮ ਦੌਰਾਨ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ ਵੱਲੋ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਅਤੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ ।

**ਫੋਟੋ ਅਜਮੇਰ ਦੀਵਾਨਾ**

# NCORD ਸਬੰਧੀ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਨੇ ਕੀਤੀ ਮੀਟਿੰਗ

### ਨਸ਼ਾ ਤਸਕਰੀ ਤੇ ਦੁਰਵਰਤੋਂ ਰੋਕਣ ਲਈ ਅਧਿਕਾਰੀਆਂ ਨੂੰ ਸਖਤ ਕਾਰਵਾਈ ਦੇ ਨਿਰਦੇਸ਼



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹੇ ਵਿੱਚ ਨਸ਼ਿਆਂ ਦੀ ਤਸਕਰੀ ਅਤੇ ਦੁਰਵਰਤੋਂ ਨੂੰ ਰੋਕਣ ਲਈ NCORD ਭਾਵ ਨਾਰਕੋਟਿਕਸ ਕੋਆਰਡੀਨੇਸ਼ਨ ਮਕੈਨਿਜ਼ਮ ਕਮੇਟੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਅਤੇ ਐਸ.ਐਸ.ਪੀ. ਤੁਸ਼ਾਰ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਅਧਿਕਾਰੀਆਂ ਨੇ ਜ਼ਿਲ੍ਹੇ ਵਿੱਚ ਨਸ਼ਿਆਂ ਦੀ ਸਥਿਤੀ, ਪਿਛਲੇ ਮਹੀਨੇ ਕੀਤੀਆਂ ਗਈਆਂ ਕਾਰਵਾਈਆਂ ਅਤੇ NDPS ਐਕਟ ਤਹਿਤ ਦਰਜ ਕੇਸਾਂ ਦੀ ਸਮੀਖਿਆ ਕੀਤੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਵੱਲੋਂ ਸਾਂਝੇ ਤੌਰ ’ਤੇ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ। ਉਨ੍ਹਾਂ ਨੇ ਸਿਹਤ, ਸਿੱਖਿਆ, ਸਮਾਜਿਕ ਸੁਰੱਖਿਆ ਅਤੇ ਨਗਰ ਕੌਂਸਲਾਂ ਦੇ ਅਧਿਕਾਰੀਆਂ ਨੂੰ ਸਕੂਲ-ਕਾਲਜਾਂ, ਬੱਸ ਸਟੈਂਡਾਂ ਅਤੇ ਪਿੰਡਾਂ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮਾਂ ਤੇਜ਼ ਕਰਨ ਦੇ ਹੁਕਮ ਦਿੱਤੇ। ਐਸ.ਐਸ.ਪੀ. ਤੁਸ਼ਾਰ ਗੁਪਤਾ ਨੇ ਦੱਸਿਆ ਕਿ ਨਸ਼ਾ ਤਸਕਰਾਂ ਵਿਰੁੱਧ ਸਪੈਸ਼ਲ ਡਰਾਈਵ ਚਲਾਈ ਜਾ ਰਹੀ ਹੈ ਅਤੇ ਸਰਹੱਦੀ/ਸ਼ੱਕੀ ਥਾਵਾਂ ’ਤੇ ਨਾਕਾਬੰਦੀ ਸਖਤ ਕੀਤੀ ਗਈ ਹੈ। ਉਨ੍ਹਾਂ ਨੇ ਥਾਣਾ ਮੁਖੀਆਂ ਨੂੰ ਛੋਟੇ-ਮੋਟੇ ਨਸ਼ਾ ਵਿਕਰੇਤਾਵਾਂ ਦੇ ਨਾਲ-ਨਾਲ ਪਿੱਛੇ ਬੈਠੇ ਵੱਡੇ ਸਪਲਾਇਰਾਂ ਤੱਕ ਪਹੁੰਚ ਕਰਨ ਅਤੇ ਉਨ੍ਹਾਂ ਦੀ ਜਾਇਦਾਦ ਜ਼ਬਤ ਕਰਨ ਦੀ ਕਾਰਵਾਈ ਯਕੀਨੀ ਬਣਾਉਣ ਲਈ ਕਿਹਾ। ਮੀਟਿੰਗ ਵਿੱਚ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਾ ਛੁਡਾਊ ਕੇਂਦਰਾਂ ਦੀ ਕਾਰਗੁਜ਼ਾਰੀ, ਮੁੜ-ਵਸੇਬੇ ਅਤੇ ਕਾਊਂਸਲਿੰਗ ਪ੍ਰਬੰਧਾਂ ’ਤੇ ਵੀ ਚਰਚਾ ਹੋਈ। ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਮੀਟਿੰਗ ਵਿੱਚ ਹਰ ਮਹੀਨੇ ਕੀਤੀ ਕਾਰਵਾਈ ਦੀ ਰਿਪੋਰਟ ਪੇਸ਼ ਕੀਤੀ ਜਾਵੇ। ਇਸ ਮੌਕੇ ਤੇ ਪੁਲਿਸ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

# ਇੰਜ ਰੁਕਣਗੇ ਨਸ਼ੇ ਅਤੇ ਹੋਵੇਗਾ ਸਮਾਜ ਸੁਧਾਰ

**ਬੰਗਾ 18 ਜੂਨ (ਚਰਨਜੀਤ ਸੱਲ੍ਹਾ )** ਇਹ ਸੱਚ-ਮੁੱਚ ਹੀ ਨਸ਼ਾ ਵਰਤਣ ਵਾਲਿਆਂ ਵਾਸਤੇ ਖਤਰੇ ਦਾ ਘੁੱਗੂ ਵੱਜ ਗਿਆ ਹੈ ਜਿਵੇਂ ਕਿ ਪੰਜਾਬ ਸਰਕਾਰ ਦੇ ਗਵਰਨਰ ਸਾਹਿਬ,ਲੀਡਰ ਸਾਹਿਬਾਨ, ਅਨੇਕਾਂ ਧਾਰਮਿਕ ਆਗੂਆਂ, ਸੰਸਥਾਵਾਂ, ਸੁਸਾਇਟੀਆਂ ਵੱਲੋਂ ਨਸ਼ਾ ਖਤਮ ਕਰਨ ਅਤੇ ਬੁਰਾਈਆਂ ਦੂਰ ਕਰਨ ਹਿੱਤ ਧਾਰਮਿਕ ਖਿਆਲਾਂ ਵਾਲੀ ਬੁੱਧੀ, ਸਿਆਣਪ ਅਤੇ ਚੰਗੇ ਖਿਆਲ ਪੈਦਾ ਕਰਨ ਹਿੱਤ ਅੰਮ੍ਰਿਤ ਦੀ ਦਾਤ ਬਖਸ਼ ਰਹੇ ਹਨ ਜਾਂ ਸਿੱਖਿਆਵਾਂ ਦੇ ਰਹੇ ਹਨ। ਅਜਿਹੇ ਅਸਰ ਅਤੇ ਤਰਜ ਤੇ ਹੀ ਪਿੰਡਾਂ ਸ਼ਹਿਰਾਂ ਦੇ ਨੌਜਵਾਨ ਵੀਰ ਸਮਾਜਿਕ ਸੰਸਥਾਵਾਂ ਸੁਸਾਇਟੀਆਂ ਵੀ ਨਸ਼ਾ ਤੰਬਾਕੂ ਆਦਿ ਵੇਚਣ ਵਾਲੇ ਅਤੇ ਵਰਤਣ ਵਾਲਿਆਂ ਵਿਰੁੱਧ ਉਚਿਤ ਕਦਮ ਚੁੱਕ ਰਹੇ ਹਨ । ਸਰਕਾਰ ਨੂੰ ਸੁਚੇਤ ਹੋ ਕੇ ਨੌਜਵਾਨਾਂ ਨੂੰ ਜੋ ਬੇਰੁਜ਼ਗਾਰੀ ਅਤੇ ਰਿਸ਼ਵਤ- ਖੋਰੀ ਤੋਂ ਤੰਗ ਆ ਕੇ ਚੋਰੀਆਂ, ਡਾਕੇ,ਲੁੱਟਾ ਖੋਹਾਂ ਅਤੇ ਨਸ਼ਿਆਂ ਵਿੱਚ ਸ਼ਾਮਿਲ ਹਨ ਦੀ ਜ਼ਿੰਦਗੀ ਬਚਾਉਣ ਹਿੱਤ ਨੌਜਵਾਨਾਂ ਨੂੰ ਰੁਜ਼ਗਾਰ ਦੇਵੇ। ਜਿਸ ਨਾਲ ਨੌਜਵਾਨ ਮਿਹਨਤੀ ਬਣਨ, ਕੰਮਾਂ ਵਿੱਚ ਰੁੱਝੇ ਰਹਿਣ ਅਤੇ ਵਧੀਆ ਜੀਵਨ ਜੀਅ ਕੇ ਪੰਜਾਬ ਅਥਵਾ ਦੇਸ਼ ਨੂੰ ਤਰੱਕੀ ਵੱਲ ਲੈ ਕੇ ਜਾਣ। ਗਲਤ ਤਰੀਕੇ ਵਰਤ, ਵਿਦੇਸ਼ਾਂ ਵਿੱਚ ਜਾ ਕੇ ਨਾ ਰੁਲਣ ੀ ਇਸ ਦੇ ਨਾਲ ਹੀ ਸਰਕਾਰ ਨੂੰ ਅਪੀਲ ਹੈ ਕਿ ਮਹਿੰਗਾਈ ਨੂੰ ਨੱਥ



ਪਾਵੇ ਅਤੇ ਬੇਲੋੜੀਆਂ ਅਤੇ ਬੇਤੁਕੀਆਂ ਸਹੂਲਤਾਂ ਦੇ ਕੇ ਨਿਖੱਟੂ ਨਾ ਬਣਾਏ ੀ ਸਹੂਲਤਾਂ ਦਾ ਲਾਭ ਸਭ ਨੂੰ ਮਿਲਣਾ ਚਾਹੀਦਾ ਹੈ ਕਿਉਂ ਜੋ ਮਹਿੰਗਾਈ ਦੀ ਮਾਰ ਸਭ ਨੂੰ ਪੈ ਰਹੀ ਹੈ।ਹਰੇਕ ਮਾਤਾ- ਪਿਤਾ ਦੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਡਾਕਟਰ,ਅਧਿਆਪਕ ਜਾਂ ਇੰਜੀਨੀਅਰ ਬਣਨ ਪਰ ਸਰਕਾਰਾਂ ਨੇ ਇਹ ਰੁਤਬੇ ਰੋਲ ਕੇ ਰੱਖ ਦਿੱਤੇ ਹਨ । ਇਤਨੇ ਲੱਖਾਂ ਰੁਪਏ ਖਰਚ ਕੇ ਵੀ ਠੇਕੇ ਤੇ, ਉੱਕੀ ਪੁਕੀ ਘੱਟ ਤਨਖਾਹ ਤੇ,ਆਰਜੀ ਤੌਰ ਤੇ ਮੁਲਾਜ਼ਮ ਭਰਤੀ ਕਰਨੇ ਕੋਈ ਇਨਸਾਫ ਨਹੀਂ ਹੈ। ਸਕੂਲਾਂ ਕਾਲਜਾਂ ਹਸਪਤਾਲਾਂ ਅਤੇ ਹੋਰ ਵਿਭਾਗਾਂ ਵਿੱਚ ਵੀ 17, 18 ਸਾਲਾਂ ਤੋਂ ਅਜਿਹੇ ਕੰਮ ਕਰ ਰਹੇ ਹਨ,ਜਿਨਾਂ ਨੂੰ ਕੋਈ ਪੱਕੇ ਤੌਰ ਤੇ , ਪੈਨਸ਼ਨ ਲਾਭ ਅਤੇ ਹੋਰ ਸਰਵਿਸ ਲਾਭ ਪ੍ਰਾਪਤ ਹੋਣ ਦੀ ਆਸ ਨਹੀਂ ਹੈ। ਮਾਨਯੋਗ ਪੰਜਾਬ ਸਰਕਾਰ ਵੱਲੋਂ ਸਾਲ 1996 ਵਿੱਚ 95% ਗਰਾਂਟ ਇਨ ਏਡਿਡ ਸਕੂਲਾਂ ਤੇ ਕਾਲਜਾਂ ਨੂੰ ਪੈਨਸ਼ਨ ਦੇਣ ਦਾ ਨੋਟਿਸ ਜਾਰੀ ਕੀਤਾ ਗਿਆ ਸੀ ਙਜਿਸ ਦੌਰਾਨ ਸਕੂਲਾਂ ਵਿੱਚ ਪੈਨਸ਼ਨ ਲਾਗੂ ਕਰ ਦਿੱਤੀ ਗਈ ਸੀ ਙ ਪਰ ਕਾਲਜਾਂ ਨੂੰ ਕਿਹਾ ਕਿ ਅਗਲੇ ਸਾਲ ਤੋਂ ਲਾਗੂ ਹੋਵੇਗੀ ਕਿਉਂਕਿ ਇਸ ਸਮੇਂ ਬਜਟ ਵਿੱਚ ਪੈਸੇ ਨਹੀਂ ਹਨ। ਪਰ ਖੇਦ ਦੀ ਗੱਲ ਹੈ ਕਿ ਹੁਣ ਤੱਕ ਕਿੰਨੀਆਂ ਸਰਕਾਰਾਂ ਆਈਆਂ ਗਈਆਂ ਹਨ ਪਰ ਬਜਟ ਵਿੱਚ ਪੈਸੇ ਨਹੀਂ ਆਏ ਅਤੇ ਹੁਣ ਤੱਕ 70% ਲਗਭਗ ਮੁਲਾਜ਼ਮ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਪੈਨਸ਼ਨ ਉਡੀਕਦੇ ਮਰ ਗਏ ਹਨ । ਕਿੰਨੀ ਸ਼ਰਮ ਵਾਲੀ ਗੱਲ ਹੈ। ਇਸ ਦਾ ਜਵਾਬ ਮਾਨਯੋਗ ਕੋਰਟਾਂ ਨੂੰ, ਸਰਕਾਰਾਂ ਅਜੇ ਤੱਕ ਨਹੀਂ ਦੇ ਸਕੀਆਂ। ਇਹ ਵੀ ਸੱਚ ਹੈ ਕਿ ਜਿਸ ਮਹਿਕਮੇ ਦਾ ਮੁਲਾਜ਼ਮ ਬਿਮਾਰ ਕਮਜ਼ੋਰ ਹੋਵੇਗਾ, ਖੁਸ਼ਹਾਲ ਨਹੀਂ ਹੋਵੇਗਾ , ਉਹ ਮਹਿਕਮਾ ਵੀ ਕਿਸੇ ਸਮੇਂ ਬਿਮਾਰ ਤੇ ਕਮਜ਼ੋਰ ਹੋ ਜਾਵੇਗਾ ਅਤੇ ਹੌਲੀ ਹੌਲੀ ਦੇਸ਼ ਵੀ ਕਮਜ਼ੋਰ ਹੋ ਜਾਵੇਗਾ। ਸੋ ਗਵਰਨਰ ਸਾਹਿਬ ਅਜਿਹੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਆਪਣੀ ਪੱਧਰ ਤੇ ਵੀ ਅਜਿਹੇ ਸਮਾਜਿਕ ਸੁਧਾਰ ਲਿਆ ਸਕਦੇ ਹਨ।

**ਰਘਵੀਰ ਸਿੰਘ ਬੈਸ**
**ਸੇਵਾ ਮੁਕਤ ਸੁਪਰਡੈਂਟ 94633 64 101**

# ਐਲ ਟੀ ਐਸ ਯੂ ਵਿਖੇ ਫੈਕਲਟੀ ਵਿਕਾਸ ਪ੍ਰੋਗਰਾਮ ਸੰਸਥਾਗਤ ਉੱਤਮਤਾ, ਏ ਆਈ -ਸੰਚਾਲਿਤ ਖੋਜ, ਅਤੇ ਤੰਦਰੁਸਤੀ 'ਤੇ ਕੇਂਦ੍ਰਿਤ ਕੀਤਾ

**ਬਲਾਚੌਰ 18 ਜੂਨ: ( ਜਤਿੰਦਰ ਪਾਲ ਸਿੰਘ ਕਲੇਰ** ) ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਵਿਖੇ "ਉਭਰਦੀਆਂ ਤਕਨਾਲੋਜੀਆਂ ਅਤੇ ਹੁਨਰ-ਅਧਾਰਤ ਸਿਖਲਾਈ ਰਾਹੀਂ ਉੱਚ ਸਿੱਖਿਆ ਨੂੰ ਬਦਲਣਾ" ਵਿਸ਼ੇ 'ਤੇ ਫੈਕਲਟੀ ਵਿਕਾਸ ਪ੍ਰੋਗਰਾਮ (ਐਫ ਡੀ ਪੀ ) ਨੇ ਕਈ ਸੂਝਵਾਨ ਸੈਸ਼ਨਾਂ ਦੀ ਇੱਕ ਲੜੀ ਪੇਸ਼ ਕੀਤੀ। ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ, ਸ. ਨਿਰਮਲ ਸਿੰਘ ਰਿਆਤ ਨੇ ਖੁਸ਼ੀ ਨਾਲ ਸਵੀਕਾਰ ਕੀਤਾ ਕਿ ਇਹ ਪ੍ਰੋਗਰਾਮ ਸਿੱਖਿਅਕਾਂ ਨੂੰ ਉੱਚ ਸਿੱਖਿਆ ਦੇ ਭਵਿੱਖ ਨੂੰ ਆਕਾਰ ਦੇਣ ਵਾਲੇ ਸਮਕਾਲੀ ਰੁਝਾਨਾਂ ਨਾਲ ਜੁੜਨ ਲਈ ਇੱਕ ਗਤੀਸ਼ੀਲ ਪਲੇਟਫਾਰਮ ਪ੍ਰਦਾਨ ਕਰਦਾ ਰਹਿੰਦਾ ਹੈ। ਦਿਨ ਦੀ ਕਾਰਵਾਈ ਮਾਣਯੋਗ ਵਾਈਸ ਚਾਂਸਲਰ, ਪ੍ਰੋ. (ਡਾ.) ਏ.ਐਸ. ਚਾਵਲਾ ਦੁਆਰਾ ਸ਼ੋਭਾ ਦਿੱਤੀ ਗਈ, ਜਿਨ੍ਹਾਂ ਨੇ ਸੰਸਥਾਗਤ ਉੱਤਮਤਾ ਨੂੰ ਚਲਾਉਣ ਅਤੇ ਵਿਦਿਆਰਥੀਆਂ ਨੂੰ ਵਧਦੀ ਤਕਨਾਲੋਜੀ-ਸੰਚਾਲਿਤ ਦੁਨੀਆ ਲਈ ਤਿਆਰ ਕਰਨ ਵਿੱਚ ਸਿੱਖਿਅਕਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਫੈਕਲਟੀ ਮੈਂਬਰਾਂ ਨੂੰ ਉੱਚ ਸਿੱਖਿਆ ਦੀ ਗੁਣਵੱਤਾ ਅਤੇ ਸਾਰਥਕਤਾ ਨੂੰ ਮਜ਼ਬੂਤ ਕਰਨ ਲਈ ਨਵੀਨਤਾ, ਜੀਵਨ ਭਰ ਸਿੱਖਣ ਅਤੇ ਅੰਤਰ-ਅਨੁਸ਼ਾਸਨੀ ਸਹਿਯੋਗ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ। ਪ੍ਰੋ. ਡਾ. ਬੀ.ਐਸ. ਸਤਿਆਲ, ਪ੍ਰੋ ਵਾਈਸ ਚਾਂਸਲਰ, ਐਲ ਟੀ ਐਸ ਯੂ ਪੰਜਾਬ , ਨੇ "ਯੂਨੀਵਰਸਿਟੀ ਦਾ ਦਰਸ਼ਨ: ਹੁਨਰ, ਪੈਮਾਨਾ ਅਤੇ ਗਤੀ; ਯੂ ਜੀ ਸੀ ਫਰੇਮਵਰਕ ਤਿਆਰੀ ਅਤੇ ਐਨ ਈ ਪੀ 2020" ਵਿਸ਼ੇ 'ਤੇ ਗੱਲਬਾਤ ਕੀਤੀ। ਉਨ੍ਹਾਂ ਨੇ ਯੂਨੀਵਰਸਿਟੀ ਦੇ ਹੁਨਰ,




ਪੈਮਾਨਾ ਅਤੇ ਗਤੀ ਦੇ ਮਾਰਗਦਰਸ਼ਕ ਸਿਧਾਂਤਾਂ ਬਾਰੇ ਵਿਸਥਾਰ ਨਾਲ ਦੱਸਿਆ, ਉਦਯੋਗ ਲਈ ਤਿਆਰ ਗ੍ਰੈਜੂਏਟ ਬਣਾਉਣ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ। ਪ੍ਰੋ. ਸਤਿਆਲ ਨੇ ਟਿੱਪਣੀ ਕੀਤੀ, "ਇੱਕ ਵਾਰ ਅਧਿਆਪਕ, ਹਮੇਸ਼ਾ ਇੱਕ ਅਧਿਆਪਕ," ਫੈਕਲਟੀ ਮੈਂਬਰਾਂ ਨੂੰ ਅਕਾਦਮਿਕ ਅਤੇ ਸੰਸਥਾਗਤ ਵਿਕਾਸ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਦਾ ਹੈ। ਡਾ. ਸਿਮਰਨਜੀਤ ਸਿੰਘ ਸਿੱਧੂ, ਸਹਾਇਕ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ "ਖੋਜ ਅਤੇ ਨਵੀਨਤਾ ਨੂੰ ਵਧਾਉਣ ਲਈ ਉੱਭਰਦੀਆਂ ਤਕਨਾਲੋਜੀਆਂ" ਵਿਸ਼ੇ 'ਤੇ ਇੱਕ ਸੂਝਵਾਨ ਭਾਸ਼ਣ ਦਿੱਤਾ। ਡਾ. ਸਿੱਧੂ ਨੇ ਭਾਗੀਦਾਰਾਂ ਨੂੰ ਈ ਆਈ - ਸੰਚਾਲਿਤ ਖੋਜ ਸਾਧਨਾਂ ਦੀ ਇੱਕ ਸ਼੍ਰੇਣੀ ਨਾਲ ਜਾਣੂ ਕਰਵਾਇਆ ਜੋ ਸਾਹਿਤ ਸਮੀਖਿਆ, ਅਕਾਦਮਿਕ ਲਿਖਤ, ਡੇਟਾ ਵਿਸ਼ਲੇਸ਼ਣ, ਸੰਦਰਭ ਪ੍ਰਬੰਧਨ ਅਤੇ ਵਿਦਵਤਾਪੂਰਨ ਸੰਚਾਰ ਨੂੰ ਬਦਲ ਰਹੇ ਹਨ। ਉਨ੍ਹਾਂ ਨੇ ਉੱਭਰ ਰਹੇ ਡਿਜੀਟਲ ਖੋਜ ਰੁਝਾਨਾਂ, ਉਦਯੋਗ-ਅਕਾਦਮਿਕ ਸਹਿਯੋਗ ਦੀ ਮਹੱਤਤਾ, ਅਤੇ ਨਵੀਨਤਾ ਨੂੰ ਅੱਗੇ ਵਧਾਉਣ ਵਿੱਚ ਮੋਹਰੀ ਈ ਆਈ ਖੋਜ ਕੇਂਦਰਾਂ ਦੀ ਭੂਮਿਕਾ 'ਤੇ ਵੀ ਚਾਨਣਾ ਪਾਇਆ। , ਉਨ੍ਹਾਂ ਨੇ ਨੋਟ ਕੀਤਾ, "ਆਰਟੀਫੀਸ਼ੀਅਲ ਇੰਟੈਲੀਜੈਂਸ ਖੋਜਕਰਤਾਵਾਂ ਦੀ ਥਾਂ ਨਹੀਂ ਲੈ ਰਿਹਾ ਹੈ; ਇਹ ਖੋਜਕਰਤਾਵਾਂ ਨੂੰ ਵੱਡਾ ਸੋਚਣ, ਚੁਸਤ ਕੰਮ ਕਰਨ ਅਤੇ ਤੇਜ਼ੀ ਨਾਲ ਨਵੀਨਤਾ ਕਰਨ ਲਈ ਸ਼ਕਤੀ ਪ੍ਰਦਾਨ ਕਰ ਰਿਹਾ ਹੈ।" ਡਾ. ਸੁਸ਼ਮਾ ਸੈਣੀ, ਨਾਈਨ ਪੀਜੀਆਈਐਮਈਆਰ ਚੰਡੀਗੜ੍ਹ, ਨੇ "ਤਣਾਅ ਪ੍ਰਬੰਧਨ" 'ਤੇ ਇੱਕ ਸਮਝਦਾਰ ਭਾਸ਼ਣ ਦਿੱਤਾ। ਉਸਨੇ ਵੱਖ-ਵੱਖ ਕਿਸਮਾਂ ਦੇ ਤਣਾਅ, ਉਨ੍ਹਾਂ ਦੇ ਕਾਰਨਾਂ, ਚੇਤਾਵਨੀ ਸੰਕੇਤਾਂ ਅਤੇ ਸੰਬੰਧਿਤ ਸਿਹਤ ਚਿੰਤਾਵਾਂ ਬਾਰੇ ਕੀਮਤੀ ਸੂਝ ਪ੍ਰਦਾਨ ਕੀਤੀ। ਤਣਾਅ ਅਤੇ ਸ਼ਖਸੀਅਤ ਦੇ ਗੁਣਾਂ ਵਿਚਕਾਰ ਸਬੰਧਾਂ 'ਤੇ ਚਰਚਾ ਕਰਦੇ ਹੋਏ, ਉਸਨੇ ਲਚਕੀਲਾਪਣ-ਨਿਰਮਾਣ, ਭਾਵਨਾਤਮਕ ਨਿਯਮਨ, ਅਤੇ ਇੱਕ ਸਿਹਤਮੰਦ ਕੰਮ-ਜੀਵਨ ਸੰਤੁਲਨ ਬਣਾਈ ਰੱਖਣ ਲਈ ਵਿਹਾਰਕ ਰਣਨੀਤੀਆਂ ਸਾਂਝੀਆਂ ਕੀਤੀਆਂ, ਭਾਗੀਦਾਰਾਂ ਨੂੰ ਪੇਸ਼ੇਵਰ ਜ਼ਿੰਮੇਵਾਰੀਆਂ ਦੇ ਨਾਲ-ਨਾਲ ਮਾਨਸਿਕ ਤੰਦਰੁਸਤੀ ਨੂੰ ਤਰਜੀਹ ਦੇਣ ਲਈ ਉਤਸ਼ਾਹਿਤ ਕੀਤਾ।

ਇੰਜੀਨੀਅਰ ਅਮਨਦੀਪ ਸਿੰਘ, ਸੰਯੁਕਤ ਨਿਰਦੇਸ਼ਕ, ਐਲਟੀਐਸਯੂ, ਜਿਨ੍ਹਾਂ ਨੇ ਵਾਈਸ ਚਾਂਸਲਰ, ਸਰੋਤ ਵਿਅਕਤੀਆਂ, ਭਾਗੀਦਾਰਾਂ ਅਤੇ ਪ੍ਰਬੰਧਕ ਟੀਮ ਦਾ ਉਨ੍ਹਾਂ ਦੇ ਕੀਮਤੀ ਯੋਗਦਾਨ ਲਈ ਧੰਨਵਾਦ ਕੀਤਾ।

# ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਹਰ ਯੋਗ ਲਾਭਪਾਤਰੀ ਨੂੰ ਮਿਲੇਗਾ ਲਾਭ - ਡਾ. ਇਸ਼ਾਂਕ ਕੁਮਾਰ

## ਕਿਸੇ ਵੀ ਮਹਿਲਾ ਨੂੰ ਰਜਿਸਟ੍ਰੇਸ਼ਨ 'ਚ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਜਾ ਰਹੀ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਹਰ ਯੋਗ ਲਾਭਪਾਤਰੀ ਨੂੰ ਲਾਭ ਮਿਲੇਗਾ ਅਤੇ ਮਹਿਲਾਵਾਂ ਨੂੰ ਰਜਿਸਟ੍ਰੇਸ਼ਨ ਕਰਵਾਉਣ ਲਈ ਕਿਸੇ ਵੀ ਤਰ੍ਹਾਂ ਦੀ ਦਿੱਕਤ ਪੇਸ਼ ਨਹੀਂ ਆਵੇਗੀ। ਯੋਜਨਾ ਸੰਬੰਧੀ ਅੱਜ ਇੱਥੇ ਗੱਲਬਾਤ ਕਰਦਿਆਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਆਪਣੇ ਦਫ਼ਤਰ ਵਿਖੇ ਹਲਕਾ ਵਾਸੀਆਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਵੱਡੀ ਗਿਣਤੀ ਵਿੱਚ ਮਹਿਲਾਵਾਂ ਦਫ਼ਤਰ ਪਹੁੰਚੀਆਂ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਸਬੰਧੀ ਡਾ.ਇਸ਼ਾਂਕ ਕੁਮਾਰ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਯੋਗ ਲਾਭਪਾਤਰੀ ਨੂੰ ਯੋਜਨਾ ਦੇ ਲਾਭ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਕਿਸੀ ਵੀ ਸਮੱਸਿਆ ਕਾਰਣ ਜੇਕਰ ਰਜਿਸਟ੍ਰੇਸ਼ਨ ਦੇਰੀ ਨਾਲ ਵੀ ਹੁੰਦੀ ਹੈ, ਤਾਂ ਵੀ



ਮਹਿਲਾਵਾਂ ਨੂੰ ਉਹਨਾਂ ਦਾ ਪੂਰਾ ਬਕਾਇਆ ਮਿਲੇਗਾਝ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕ-ਭਲਾਈ ਲਈ ਸ਼ੁਰੂ ਕੀਤੀਆਂ ਗਈਆਂ ਯੋਜਨਾਵਾਂ ਦਾ ਲਾਭ ਲੋਕਾਂ ਤੱਕ ਪਹੁੰਚਾਉਣਾ ਸਰਕਾਰ ਦੀ ਪਹਿਲ ਹੈ। ਇਸ ਲਈ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣ ਕੇ ਉਨ੍ਹਾਂ ਦਾ ਸਮੇਂ ਸਿਰ ਹੱਲ ਕਰਨਾ ਵੀ ਜ਼ਰੂਰੀ ਹੈ। ਵਿਧਾਇਕ ਨੇ ਹਲਕੇ ਦੀਆਂ ਸਮੂਹ ਮਹਿਲਾਵਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਰਜਿਸਟ੍ਰੇਸ਼ਨ ਸਬੰਧੀ ਕੋਈ ਵੀ ਦਿੱਕਤ ਆਉਂਦੀ ਹੈ ਤਾਂ ਉਹ ਬੇਝਿਜਕ ਸੰਪਰਕ ਕਰਨ, ਤਾਂ ਜੋ ਉਨ੍ਹਾਂ ਦੀ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾ ਸਕੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਰ ਵਰਗ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਮਹਿਲਾਵਾਂ ਨੂੰ ਸਮਾਜ ਵਿੱਚ ਸਨਮਾਨ ਅਤੇ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣਾ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ। ਉਨ੍ਹਾਂ ਕਿਹਾ ਕਿ "ਮਾਵਾਂ-ਧੀਆਂ ਸਤਿਕਾਰ ਯੋਜਨਾ" ਮਹਿਲਾਵਾਂ ਦੀ ਭਲਾਈ ਲਈ ਇੱਕ ਇਤਿਹਾਸਕ ਅਤੇ ਲੋਕ-ਹਿਤੈਸ਼ੀ ਉਪਰਾਲਾ ਹੈ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਸਿੱਧਾ ਲਾਭ ਮਿਲੇਗਾ।

# 21 ਜੂਨ ਨੂੰ ਬਾਰਾਦਰੀ ਗਾਰਡਨ ਵਿਖੇ ਮਨਾਇਆ ਜਾਵੇਗਾ ਅੰਤਰਾਸ਼ਟਰੀ ਯੋਗ ਦਿਵਸ - ਡਿਪਟੀ ਕਮਿਸ਼ਨਰ

## ਲੋਕਾਂ ਨੂੰ ਵੱਧ ਤੋਂ ਵੱਧ ਹਿੱਸਾ ਲੈਣ ਦੀ ਅਪੀਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਅੰਤਰਾਸ਼ਟਰੀ ਯੋਗ ਦਿਵਸ ਮੌਕੇ 21 ਜੂਨ ਨੂੰ ਜ਼ਿਲ੍ਹਾ ਪੱਧਰੀ ਸਮਾਗਮ ਬਾਰਾਦਰੀ ਗਾਰਡਨ, ਨਵਾਂਸ਼ਹਿਰ ਵਿਖੇ ਸਵੇਰੇ 6:00 ਵਜੇ ਤੋਂ 7:00 ਵਜੇ ਕਰਵਾਇਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮਾਗਮ ਵਿੱਚ ਆਮ ਲੋਕਾਂ ਤੋਂ ਇਲਾਵਾ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ, ਐਨ.ਸੀ.ਸੀ, ਐਨ.ਐਸ.ਐਸ ਵਲੰਟੀਅਰਾਂ, ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਅਤੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਦੇ ਮੈਂਬਰਾਂ ਨੂੰ ਸੱਦਾ ਦਿੱਤਾ ਗਿਆ ਹੈ। ਯੋਗ ਮਾਹਿਰਾਂ ਵੱਲੋਂ ਆਮ ਯੋਗ ਪ੍ਰੋਟੋਕੋਲ ਅਨੁਸਾਰ ਤਾੜ ਆਸਨ, ਵ੍ਰਿਕਸ਼ਾਸਨ, ਭੁਜੰਗਾਸਨ, ਪ੍ਰਾਣਾਯਾਮ ਅਤੇ ਧਿਆਨ ਆਦਿ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਯੋਗ ਸਰੀਰਕ ਅਤੇ ਮਾਨਸਿਕ ਸਿਹਤ ਲਈ ਬਹੁਤ ਲਾਭਕਾਰੀ ਹੈ। ਰੋਜ਼ਾਨਾ



ਜੀਵਨ ਵਿੱਚ ਯੋਗ ਨੂੰ ਅਪਣਾ ਕੇ ਅਸੀਂ ਨਾ ਸਿਰਫ ਬਿਮਾਰੀਆਂ ਤੋਂ ਬਚ ਸਕਦੇ ਹਾਂ, ਸਗੋਂ ਤਣਾਅ ਮੁਕਤ ਜੀਵਨ ਵੀ ਜੀ ਸਕਦੇ ਹਾਂ। ਪ੍ਰਸ਼ਾਸਨ ਵੱਲੋਂ ਸਮਾਗਮ ਦੇ ਪ੍ਰਬੰਧਾਂ ਲਈ ਵੱਖ -ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੀਐਮ ਦੀ ਯੋਗਸ਼ਾਲਾ ਪ੍ਰੋਗਰਾਮ ਤਹਿਤ ਜ਼ਿਲ੍ਹੇ ਅੰਦਰ ਵੱਖ-ਵੱਖ ਯੋਗ ਕਲਾਸਾਂ ਲੱਗਾ ਕੇ ਲੋਕਾਂ ਨੂੰ ਯੋਗਾ ਕਰਵਾਇਆ ਜਾਂਦਾ ਹੈ ਤਾਂ ਜੋ ਲੋਕ ਤੰਦਰੁਸਤ ਅਤੇ ਸਿਹਤ ਮੰਦ ਜੀਵਨ ਬਤੀਤ ਕਰ ਸਕਣ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 21 ਜੂਨ ਨੂੰ ਸਵੇਰੇ ਸਮੇਂ ਸਿਰ ਬਾਰਾਦਰੀ ਗਾਰਡਨ ਪਹੁੰਚ ਕੇ ਇਸ ਸਮਾਗਮ ਦਾ ਹਿੱਸਾ ਬਣਨ ਅਤੇ ਯੋਗ ਨੂੰ ਆਪਣੀ ਰੋਜ਼ਮਰ੍ਹਾ ਦੀ ਆਦਤ ਬਣਾਉਣ।

# ਕੰਢੀ ਕੈਨਾਲ ਦੀ ਮੁਰੰਮਤ ਅਤੇ ਨਵੇਂ ਪਿੰਡਾਂ ਨੂੰ ਜੋੜਨ ਲਈ ਹਲਕਾ ਬਲਾਚੌਰ ਦੇ ਆਗੂਆਂ ਨੇ ਜਲ ਸਰੋਤ ਮੰਤਰੀ ਨੂੰ ਸੌਂਪਿਆ ਮੰਗ ਪੱਤਰ

## ਕਾਗਜ਼ਾਂ ਵਿੱਚ ਤੇਜ਼ ਪਰ ਜ਼ਮੀਨੀ ਪੱਧਰ 'ਤੇ ਸੁਸਤ ਹੈ ਕੰਢੀ ਕੈਨਾਲ ਦਾ ਕੰਮ; ਛੋਟੇ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਮੁੱਖ ਰੱਖਦਿਆਂ 'ਆਪ' ਯੂਥ ਵਿੰਗ ਦੇ ਜਨਰਲ ਸੈਕਟਰੀ ਐਡਵੋਕੇਟ ਸੰਜੀਵ ਚੌਧਰੀ ਚੇਚੀ ਅਤੇ ਚੈਅਰਮੈਨ ਸੇਠੀ ਉਧਨਵਾਲ ਮਾਰਕੀਟ ਕਮੇਟੀ ਨੇ ਚੁੱਕਿਆ ਅਹਿਮ ਮੁੱਦਾ

**ਬਲਾਚੌਰ, 18 ਜੂਨ (ਜਤਿੰਦਰ ਪਾਲ ਸਿੰਘ ਕਲੇਰ) :** ਵਿਧਾਨ ਸਭਾ ਹਲਕਾ ਬਲਾਚੌਰ ਦੇ ਅਧੀਨ ਪੈਂਦੀ ਕੰਢੀ ਕੈਨਾਲ (ਨਹਿਰ) ਦੀ ਮੁਰੰਮਤ ਅਤੇ ਇਲਾਕੇ ਦੇ ਬਾਕੀ ਰਹਿੰਦੇ ਪਿੰਡਾਂ ਨੂੰ ਇਸ ਪ੍ਰੋਜੈਕਟ ਨਾਲ ਜੋੜਨ ਲਈ ਸਥਾਨਕ ਲੀਡਰਸ਼ਿਪ ਵੱਲੋਂ ਵੱਡੇ ਪੱਧਰ 'ਤੇ ਉਪਰਾਲੇ ਸ਼ੁਰੂ ਕਰ ਦਿੱਤੇ ਗਏ ਹਨ। ਇਸੇ ਲੜੀ ਤਹਿਤ ਅੱਜ ਆਮ ਆਦਮੀ ਪਾਰਟੀ ਯੂਥ ਵਿੰਗ ਪੰਜਾਬ ਦੇ ਜਨਰਲ ਸੈਕਟਰੀ ਐਡਵੋਕੇਟ ਸੰਜੀਵ ਚੌਧਰੀ ਚੇਚੀ ਅਤੇ ਚੈਅਰਮੈਨ ਮਾਰਕੀਟ ਕਮੇਟੀ ਸੇਠੀ ਉਧਨਵਾਲ ਵੱਲੋਂ ਪੰਜਾਬ ਦੇ ਜਲ ਸਰੋਤ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਨੂੰ ਮਿਲ ਕੇ ਵਿਸ਼ੇਸ਼ ਮੰਗ ਪੱਤਰ ਦੇ ਕੇ ਹਲਕੇ ਦੇ ਕਿਸਾਨਾਂ ਦੀਆਂ ਭਖਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ ਹੈ।

ਆਗੂਆਂ ਨੇ ਜਲ ਸਰੋਤ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਕਿ ਹਲਕਾ ਬਲਾਚੌਰ ਵਿੱਚ ਕੰਢੀ ਕੈਨਾਲ ਦਾ ਕੰਮ ਜਿੰਨੀ ਤੇਜ਼ ਰਫ਼ਤਾਰ ਨਾਲ ਕਾਗਜ਼ਾਂ ਅਤੇ ਪੇਪਰਾਂ ਵਿੱਚ ਚੱਲ ਰਿਹਾ ਹੈ, ਜ਼ਮੀਨੀ ਪੱਧਰ (ਗਰਾਊਂਡ ਲੈਵਲ) 'ਤੇ ਉਸ ਦੀ ਸਪੀਡ ਬਹੁਤ ਹੀ ਜ਼ਿਆਦਾ ਘੱਟ ਹੈ, ਜਿਸ ਕਾਰਨ ਸਥਾਨਕ ਲੋਕਾਂ ਅਤੇ ਕਿਸਾਨਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ।

### ਕਈ ਪਿੰਡਾਂ ਨੂੰ ਨਹੀਂ ਮਿਲ ਰਿਹਾ ਨਹਿਰ ਦਾ ਫਾਇਦਾ, ਤੁਰੰਤ ਮੁਰੰਮਤ ਦੀ ਮੰਗ

ਮੰਗ ਪੱਤਰ ਵਿੱਚ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਵੇਰਵਾ ਦਿੰਦਿਆਂ ਦੱਸਿਆ ਗਿਆ ਹੈ ਕਿ ਪਿੰਡ ਪੋਜੇਵਾਲ ਦੇ ਆਸ-ਪਾਸ ਦੇ ਲਗਭਗ 10 ਪਿੰਡਾਂ ਵਿੱਚ ਇਸ ਨਹਿਰ ਦਾ ਬਿਲਕੁਲ ਵੀ ਫਾਇਦਾ ਨਹੀਂ ਮਿਲ ਰਿਹਾ। ਇਸੇ ਤਰ੍ਹਾਂ ਮਜਾਰੀ ਏਰੀਆ ਦੇ ਲਗਭਗ 5 ਤੋਂ 7 ਪਿੰਡਾਂ ਵਿੱਚ ਜੋ ਨਹਿਰੀ ਲਾਈਨ ਪਾਈ ਹੋਈ ਹੈ, ਉਹ ਖ਼ਸਤਾ ਹਾਲਤ ਵਿੱਚ ਹੈ ਅਤੇ ਉਸ ਦੀ ਤੁਰੰਤ ਮੁਰੰਮਤ ਦੀ ਸਖ਼ਤ ਜ਼ਰੂਰਤ ਹੈ। ਇਸ ਤੋਂ ਇਲਾਵਾ ਪਿੰਡ ਉਧਨਵਾਲ ਦੇ ਆਸ-ਪਾਸ ਪੈਂਦੇ 5 ਪਿੰਡਾਂ ਵਿੱਚ ਵੀ ਨਹਿਰੀ ਪ੍ਰਣਾਲੀ ਦੀ ਮੁਰੰਮਤ ਦਾ ਕੰਮ ਬਹੁਤ ਜ਼ਰੂਰੀ ਹੈ, ਤਾਂ ਜੋ ਪਾਣੀ ਦੀ ਬਰਬਾਦੀ ਨੂੰ ਰੋਕਿਆ ਜਾ ਸਕੇ ਅਤੇ ਟੇਲਾਂ 'ਤੇ ਬੈਠੇ ਕਿਸਾਨਾਂ ਤੱਕ ਪਾਣੀ ਪਹੁੰਚਾਇਆ ਜਾ ਸਕੇ।

### 211 ਕਰੋੜ ਦੇ ਨਵੇਂ ਪ੍ਰੋਜੈਕਟ ਵਿੱਚ ਇਨ੍ਹਾਂ ਪਿੰਡਾਂ ਨੂੰ ਸ਼ਾਮਲ ਕਰਨ ਦੀ ਵਕਾਲਤ

ਕਰਦਿਆਂ ਐਡਵੋਕੇਟ ਸੰਜੀਵ ਚੌਧਰੀ ਚੇਚੀ ਅਤੇ ਚੈਅਰਮੈਨ ਸੇਠੀ ਉਧਨਵਾਲ ਨੇ ਮੰਤਰੀ ਗੋਇਲ ਦੇ ਧਿਆਨ ਵਿੱਚ ਲਿਆਂਦਾ ਕਿ ਪੰਜਾਬ ਸਰਕਾਰ ਵੱਲੋਂ 211 ਕਰੋੜ ਰੁਪਏ ਦੀ ਲਾਗਤ ਨਾਲ ਜੋ ਨਵਾਂ ਪ੍ਰੋਜੈਕਟ ਤਿਆਰ ਕੀਤਾ ਗਿਆ ਹੈ, ਉਸ ਵਿੱਚ ਬਲਾਚੌਰ ਹਲਕੇ ਦੇ ਉਨ੍ਹਾਂ ਵਾਂਝੇ ਪਿੰਡਾਂ ਨੂੰ ਵੀ ਤੁਰੰਤ ਜੋੜਿਆ ਜਾਵੇ ਜੋ ਹਾਲੇ ਤੱਕ ਨਹਿਰੀ ਪਾਣੀ ਦੀ ਸਹੂਲਤ ਤੋਂ ਦੂਰ ਹਨ। ਉਨ੍ਹਾਂ ਨੇ ਮੰਗ ਕੀਤੀ ਕਿ



ਇਸ ਨਵੇਂ ਪ੍ਰੋਜੈਕਟ ਵਿੱਚ ਖ਼ਾਸ ਤੌਰ 'ਤੇ ਟਕਾਰਲਾ, ਮਣਸੇਵਾਲ, ਖੀਵੇਵਾਲ, ਕਲਾਰ, ਟੂੰਡੇਵਾਲ, ਬੇਹਰੜੀ

ਗੋਲੂ ਮਾਜਰਾ, ਨਿੱਘੀ , ਉਧਨਵਾਲ ਪਿੰਡਾਂ ਨੂੰ ਸ਼ਾਮਲ ਕੀਤਾ ਜਾਵੇ।

ਆਗੂਆਂ ਨੇ ਦੱਸਿਆ ਕਿ ਜੇਕਰ ਇਨ੍ਹਾਂ ਪਿੰਡਾਂ ਨੂੰ 211 ਕਰੋੜ ਦੇ ਪ੍ਰੋਜੈਕਟ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ, ਤਾਂ ਇਸ ਖੇਤਰ ਦੇ ਖੇਤੀਬਾੜੀ ਸੈਕਟਰ ਦੀ ਨੁਹਾਰ ਪੂਰੀ ਤਰ੍ਹਾਂ ਬਦਲ ਜਾਵੇਗੀ।

### ਛੋਟੇ ਕਿਸਾਨਾਂ ਦੀ ਆਰਥਿਕਤਾ ਦਾ ਸਵਾਲ

ਜਲ ਸਰੋਤ ਮੰਤਰੀ ਨੂੰ ਭੇਜੇ ਪੱਤਰ ਵਿੱਚ ਹਲਕੇ ਦੀ ਆਰਥਿਕ ਸਥਿਤੀ ਦਾ ਹਵਾਲਾ ਦਿੰਦੇ ਹੋਏ ਲਿਖਿਆ ਗਿਆ ਹੈ ਕਿ ਹਲਕਾ ਬਲਾਚੌਰ ਵਿੱਚ ਜ਼ਿਆਦਾਤਰ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਜ਼ਮੀਨਾਂ ਦੀ ਹੋਲਡਿੰਗ ਬਹੁਤ ਘੱਟ ਹੈ। ਇਨ੍ਹਾਂ ਛੋਟੇ ਕਿਸਾਨਾਂ ਦਾ ਮੁੱਖ ਕਿੱਤਾ ਪਸ਼ੂ ਪਾਲਣ ਅਤੇ ਪਾਪੂਲਰ ਦੀ ਖੇਤੀ ਕਰਨਾ ਹੈ। ਪਾਪੂਲਰ ਦੀ ਖੇਤੀ ਅਤੇ ਹਰੇ ਚਾਰੇ ਲਈ ਪਾਣੀ ਦੀ ਬਹੁਤ ਵੱਡੀ ਲੋੜ ਹੁੰਦੀ ਹੈ। ਜੇਕਰ ਸਰਕਾਰ ਵੱਲੋਂ ਨਹਿਰੀ ਪਾਣੀ ਦਾ ਪ੍ਰਬੰਧ ਦਰੁਸਤ ਕਰ ਦਿੱਤਾ ਜਾਂਦਾ ਹੈ ਤਾਂ ਇਨ੍ਹਾਂ ਗਰੀਬ ਅਤੇ ਮੱਧਮ ਵਰਗੀ ਕਿਸਾਨਾਂ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇਗੀ।

ਆਗੂਆਂ ਨੇ ਉਮੀਦ ਜਤਾਈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨ ਹਿਤੈਸ਼ੀ ਫੈਸਲੇ ਲੈਣ ਲਈ ਜਾਣੀ ਜਾਂਦੀ ਹੈ, ਇਸ ਲਈ ਜਲ ਸਰੋਤ ਵਿਭਾਗ ਇਸ ਮੰਗ ਪੱਤਰ 'ਤੇ ਹਮਦਰਦੀ ਨਾਲ ਵਿਚਾਰ ਕਰਦਿਆਂ ਬਲਾਚੌਰ ਦੇ ਕਿਸਾਨਾਂ ਨੂੰ ਜਲਦੀ ਹੀ ਵੱਡੀ ਰਾਹਤ ਪ੍ਰਦਾਨ ਕਰੇਗਾ।

# ਵਿਧਾਨ ਸਭਾ ਚੋਣਾਂ 2027: ਹਲਕਾ ਬਲਾਚੌਰ ਵਿੱਚ 'ਆਪ' ਦੀ ਟਿਕਟ ਲਈ ਸਿਆਸੀ ਹੱਲਚੱਲ ਤੇਜ਼

## 4 ਦਿੱਗਜ ਚਿਹਰੇ ਚੋਣ ਮੈਦਾਨ 'ਚ

**ਬਲਾਚੌਰ, 18 ਜੂਨ (ਜਤਿੰਦਰ ਪਾਲ ਸਿੰਘ ਕਲੇਰ) :** ਵਿਧਾਨ ਸਭਾ ਚੋਣਾਂ 2027 ਦੇ ਨੇੜੇ ਆਉਂਦਿਆਂ ਹੀ ਪੰਜਾਬ ਦੀ ਸਿਆਸਤ 'ਚ ਹੱਲਚੱਲ ਸ਼ੁਰੂ ਹੋ ਗਈ ਹੈ । ਇਸੇ ਤਹਿਤ ਵਿਧਾਨ ਸਭਾ ਹਲਕਾ ਬਲਾਚੌਰ ਵਿੱਚ ਵੀ ਸਿਆਸੀ ਸਰਗਰਮੀਆਂ ਬੇਹੱਦ ਤੇਜ਼ ਹੋ ਚੁੱਕੀਆਂ ਹਨ । ਆਮ ਆਦਮੀ ਪਾਰਟੀ (ਆਪ) ਦੀ ਟਿਕਟ ਹਾਸਲ ਕਰਨ ਲਈ ਹਲਕੇ ਦੇ 4 ਪ੍ਰਮੁੱਖ ਅਤੇ ਰਸੂਖਦਾਰ ਨੇਤਾਵਾਂ ਵੱਲੋਂ ਮਜ਼ਬੂਤ ਦਾਅਵੇਦਾਰੀ ਪੇਸ਼ ਕੀਤੀ ਜਾ ਰਹੀ ਹੈ ।

ਸਥਾਨਕ ਸਿਆਸੀ ਮਾਹਰਾਂ ਮੁਤਾਬਕ ਪਾਰਟੀ ਹਾਈਕਮਾਂਡ ਲਈ ਇਸ ਵਾਰ ਉਮੀਦਵਾਰ ਦੀ ਚੋਣ ਕਰਨਾ ਇੱਕ ਵੱਡੀ ਪ੍ਰੀਖਿਆ ਸਾਬਤ ਹੋਵੇਗਾ, ਕਿਉਂਕਿ ਚੋਣ ਮੈਦਾਨ ਵਿੱਚ ਨਿੱਤਰੇ ਸਾਰੇ ਚਿਹਰੇ ਇਲਾਕੇ ਵਿੱਚ ਆਪਣਾ ਵੱਖਰਾ ਅਤੇ ਮਜ਼ਬੂਤ ਜਨ-ਆਧਾਰ ਰੱਖਦੇ ਹਨ । ਪਾਰਟੀ ਵੱਲੋਂ ਅੰਤਿਮ ਮੋਹਰ ਉਸੇ ਆਗੂ 'ਤੇ ਲਗਾਈ ਜਾਵੇਗੀ ਜੋ ਜਿੱਤਣ ਯੋਗ ਹੋਵੇਗਾ ਅਤੇ ਜਿਸ ਨੇ ਲੰਬੇ ਸਮੇਂ ਤੋਂ ਜਨਤਾ ਵਿੱਚ ਆਪਣਾ ਵਿਸ਼ਵਾਸ ਬਣਾਇਆ ਹੈ ।

ਚੋਣ ਮੈਦਾਨ ਵਿੱਚ ਆਪਣੀ ਦਾਅਵੇਦਾਰੀ ਮਜ਼ਬੂਤ ਕਰ ਰਹੇ ਸਾਰੇ 4 ਮੁੱਖ ਆਗੂਆਂ ਅਤੇ ਉਨ੍ਹਾਂ ਦੀਆਂ ਜ਼ਮੀਨੀ ਸਰਗਰਮੀਆਂ 'ਤੇ ਇੱਕ ਨਿਰਪੱਖ ਅਤੇ ਵਿਸ਼ੇਸ਼ ਰਿਪੋਰਟ:

. ਕਟਾਰੀਆ ਪਰਿਵਾਰ (ਬੀਬੀ ਸੰਤੋਸ਼ ਕਟਾਰੀਆ, ਮੌਜੂਦਾ ਵਿਧਾਇਕ)

ਬਲਾਚੌਰ ਹਲਕੇ ਦੀ ਸਿਆਸਤ ਵਿੱਚ ਗੁੱਜਰ ਬਿਰਾਦਰੀ ਦੀ ਵੱਡੀ ਵੋਟ ਬੈਂਕ ਹੋਣ ਕਰਕੇ ਸਥਾਨਕ ਅਤੇ ਬਿਰਾਦਰੀ ਦੇ ਆਗੂਆਂ ਦਾ ਪ੍ਰਭਾਵ ਹਮੇਸ਼ਾ ਫੈਸਲਾਕੁੰਨ ਰਹਿੰਦਾ ਹੈ । ਮੌਜੂਦਾ ਵਿਧਾਇਕ ਬੀਬੀ ਸੰਤੋਸ਼ ਕਟਾਰੀਆ ਅਤੇ ਅਸ਼ੋਕ ਕਟਾਰੀਆ ਵੱਲੋਂ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਹਲਕੇ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਗਿਆ ਹੈ । ਲੋਕਾਂ ਦੇ ਦੁੱਖ-ਸੁੱਖ ਵਿੱਚ ਲਗਾਤਾਰ ਸ਼ਰੀਕ ਹੋਣ ਅਤੇ ਪਰਿਵਾਰ ਦੇ ਇਨਸਾਨੀਅਤ ਪੱਖੀ ਰਵੱਈਏ ਕਰਕੇ ਜਨਤਾ ਵਿੱਚ ਉਨ੍ਹਾਂ ਪ੍ਰਤੀ ਵੱਡਾ ਸਤਿਕਾਰ ਹੈ, ਜਿਸ ਕਰਕੇ ਪਾਰਟੀ ਟਿਕਟ 'ਤੇ ਉਨ੍ਹਾਂ ਦੀ ਦਾਅਵੇਦਾਰੀ ਨੂੰ ਬੇਹੱਦ ਠੋਸ ਮੰਨਿਆ ਜਾ ਰਿਹਾ ਹੈ ।

. ਚੇਅਰਮੈਨ ਸਤਨਾਮ ਜਲਾਲਪੁਰ (ਜ਼ਿਲ੍ਹਾ ਯੋਜਨਾ ਬੋਰਡ)

ਸਤਨਾਮ ਜਲਾਲਪੁਰ ਬਲਾਚੌਰ ਹਲਕੇ ਵਿੱਚ ਆਮ ਆਦਮੀ ਪਾਰਟੀ ਦੀ ਬੁਨਿਆਦ ਮਜ਼ਬੂਤ ਕਰਨ ਵਾਲੇ ਸਭ ਤੋਂ ਪੁਰਾਣੇ, ਟਕਸਾਲੀ ਅਤੇ ਵਫ਼ਾਦਾਰ ਆਗੂਆਂ ਵਿੱਚੋਂ ਇੱਕ ਹਨ । ਉਨ੍ਹਾਂ ਨੇ ਮੁਸ਼ਕਿਲ ਸਮੇਂ ਦਿਨ-ਰਾਤ ਇੱਕ ਕਰਕੇ ਪਾਰਟੀ ਦਾ ਆਧਾਰ ਖੜ੍ਹਾ ਕੀਤਾ । ਨਵਾਂਸ਼ਹਿਰ ਅਤੇ ਬਲਾਚੌਰ ਹਲਕੇ ਵਿੱਚ ਬਿਨਾਂ ਕਿਸੇ ਪੱਖਪਾਤ ਦੇ ਕਰੋੜਾਂ ਰੁਪਏ ਦੀਆਂ ਵਿਕਾਸ ਗਰਾਂਟਾਂ ਵੰਡਣ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਖੇਡਾਂ ਨਾਲ ਜੋੜਨ ਦੇ ਉਪਰਾਲਿਆਂ ਕਾਰਨ ਉਹ ਆਮ ਲੋਕਾਂ ਵਿੱਚ ਕਾਫੀ ਹਰਮਨਪਿਆਰੇ ਹਨ । ਅਰਵਿੰਦ ਕੇਜਰੀਵਾਲ, ਭਗਵੰਤ ਮਾਨ ਅਤੇ ਮਨੀਸ਼ ਸਿਸੋਦੀਆ ਦੀ ਅਗਵਾਈ ਹੇਠ ਉਹ ਦੇਸ਼ ਦੇ ਹੋਰਨਾਂ ਸੂਬਿਆਂ ਵਿੱਚ ਵੀ ਪਾਰਟੀ ਦੀਆਂ ਸੰਗਠਨਾਤਮਕ ਡਿਊਟੀਆਂ ਬੇਖੂਬੀ ਨਿਭਾ ਚੁੱਕੇ ਹਨ ।

. ਬ੍ਰਿਗੇਡੀਅਰ ਰਾਜ ਕੁਮਾਰ ਗੁੱਜਰ (ਚੇਅਰਮੈਨ, ਵੈਲਫੇਅਰ ਬੋਰਡ ਪੰਜਾਬ)

ਪਹਿਲਾਂ ਦੇਸ਼ ਦੀ ਸਰਹੱਦ ਦੀ ਰਾਖੀ ਲਈ ਫ਼ੌਜ ਵਿੱਚ ਵੱਡੇ ਅਹੁਦਿਆਂ 'ਤੇ ਸ਼ਾਨਦਾਰ ਅਤੇ ਬੇਦਾਗ਼ ਸੇਵਾਵਾਂ ਨਿਭਾਉਣ ਵਾਲੇ ਬ੍ਰਿਗੇਡੀਅਰ ਰਾਜ ਕੁਮਾਰ ਹੁਣ ਜਨ ਸੇਵਾ ਦੇ ਮੈਦਾਨ ਵਿੱਚ ਪੂਰੀ









ਤਰ੍ਹਾਂ ਡਟੇ ਹੋਏ ਹਨ । ਉਹ ਪਿਛਲੇ ਲੰਬੇ ਸਮੇਂ ਤੋਂ 'ਆਪ' ਲਈ ਗਰਾਊਂਡ ਪੱਧਰ 'ਤੇ ਘਰ-ਘਰ ਜਾ ਕੇ ਪ੍ਰਚਾਰ ਕਰ ਰਹੇ ਹਨ । ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਹਰੇਕ ਲੋੜਵੰਦ ਤੱਕ ਪਹੁੰਚਾਉਣ ਅਤੇ ਇਲਾਕੇ ਦੀਆਂ ਭਖਦੀਆਂ ਮੰਗਾਂ ਨੂੰ ਉੱਚੇ ਪੱਧਰ 'ਤੇ ਉਠਾਉਣ ਕਰਕੇ ਪਾਰਟੀ ਵਰਕਰਾਂ ਅਤੇ ਆਮ ਵੋਟਰਾਂ ਵਿੱਚ ਉਨ੍ਹਾਂ ਦਾ ਵੱਡਾ ਆਧਾਰ ਬਣ ਚੁੱਕਾ ਹੈ ।

. ਐਡਵੋਕੇਟ ਸੰਜੀਵ ਚੌਧਰੀ ਚੇਚੀ (ਨੌਜਵਾਨ ਆਗੂ)

ਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਬਲਾਚੌਰ ਹਲਕੇ ਦੇ ਅੰਦਰ ਗਰਾਊਂਡ ਪੱਧਰ 'ਤੇ ਆਪਣੀ ਚੰਗੀ ਅਤੇ ਮਜ਼ਬੂਤ ਪਕੜ ਬਣਾ ਲਈ ਹੈ । ਅੱਜ ਹਲਕੇ ਦੇ ਹਰ ਨੁੱਕਰ, ਗਲੀ ਅਤੇ ਮੁਹੱਲੇ ਵਿੱਚ ਇਸ ਨੌਜਵਾਨ ਆਗੂ ਦੀਆਂ ਸਰਗਰਮੀਆਂ ਦੇ ਚਰਚੇ ਹਨ । ਐਡਵੋਕੇਟ ਚੇਚੀ ਦੀ ਨੌਜਵਾਨ ਪੀੜ੍ਹੀ ਵਿੱਚ ਬਹੁਤ ਚੰਗੀ ਪਛਾਣ ਹੈ ਅਤੇ ਉਹ ਲਗਾਤਾਰ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਹੱਲ ਕਰਵਾ ਰਹੇ ਹਨ ।

ਸਿਹਤ ਸਹੂਲਤਾਂ ਦੇ ਖੇਤਰ ਵਿੱਚ ਉਨ੍ਹਾਂ ਵੱਲੋਂ ਕੀਤੇ ਯਤਨ ਸ਼ਲਾਘਾਯੋਗ ਹਨ; ਉਨ੍ਹਾਂ ਨੇ ਬਲਾਚੌਰ ਦੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਸਿਹਤ ਮੰਤਰੀ ਅੱਗੇ ਪੁਰਜ਼ੋਰ ਤਰੀਕੇ ਨਾਲ ਮੁੱਦਾ ਚੁੱਕਿਆ ਸੀ, ਜਿਸ ਦਾ ਅਸਰ ਹੁਣ ਦੇਖਣ ਨੂੰ ਮਿਲ ਰਿਹਾ ਹੈ ਅਤੇ ਹਸਪਤਾਲਾਂ ਵਿੱਚ ਡਾਕਟਰਾਂ ਦੀ ਤਾਇਨਾਤੀ ਸ਼ੁਰੂ ਹੋ ਚੁੱਕੀ ਹੈ ।

ਇਸ ਤੋਂ ਇਲਾਵਾ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਨਵੀਨੀਕਰਨ ਅਤੇ ਮੁਰੰਮਤ ਦਾ ਮੁੱਦਾ ਵੀ ਉਨ੍ਹਾਂ ਵੱਲੋਂ ਪੂਰੇ ਜ਼ੋਰ ਸ਼ੋਰ ਨਾਲ ਚੁੱਕਿਆ ਜਾ ਰਿਹਾ ਹੈ ਅਤੇ ਉਹ ਅੱਜ ਜਿਹੜੇ ਖੇਤਾਂ ਨੂੰ ਅਜੇ ਤੱਕ ਨਹਿਰੀ ਪਾਣੀ ਨਹੀ ਪਹੁੰਚਿਆਂ ਉਸ ਲਈ ਵੀ ਮੰਤਰੀ ਨੂੰ ਮਿਲਕੇ ਇਸ ਹੱਲ ਕਰਾਉਣ ਲਈ ਜੰਗੀ ਪੱਧਰ ਤੇ ਹੱਲ ਕਰਵਾਉਣ ਵਿੱਚ ਪਹਿਲ ਕਦਮੀ ਕਰ ਰਹੇ ਹਨ ।

ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਨਜ਼ਦੀਕੀ ਸਬੰਧ ਹੋਣ ਕਰਕੇ ਪਾਰਟੀ ਅੰਦਰ ਉਨ੍ਹਾਂ ਦੀ ਦਾਅਵੇਦਾਰੀ ਨੂੰ ਵੀ ਕਿਸੇ ਵੀ ਸੂਰਤ ਵਿੱਚ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ।

## ਆਪਣੇ ਹੱਥੀਂ ਆਪਣਾ



ਆਪਣੇ ਆਪ ਨੂੰ ਦੇਵੀ ਦੇਵਤਾ ,
ਪੀਰ ਫ਼ਕੀਰ ਬਣਾਉਂਣਾ ਪਊ ।
ਜੰਤਰ ਮੰਤਰ ਪੂਜਾ ਪਾਠ ਤੋਂ ,
ਵੀ ਖਹਿੜਾ ਛੁਡਵਾਉਂਣਾ ਪਊ ।
ਜਿਸਨੂੰ ਮਰਜ਼ੀ ਹਾਕਾਂ ਮਾਰਿਓ ,
ਕਿਸੇ ਨੇ ਵੀ ਨਈਓਂ ਆਉਂਣਾ ;
ਅਪਣੀ ਰੱਖਿਆ ਕਰਨ ਵਾਸਤੇ ,
ਖ਼ੁਦ ਖੰਡਾ ਖੜਕਾਉਂਣਾ ਪਊ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
99148366037

## ਪਹਿਲੀ ਸ਼ਹਾਦਤ

ਤੱਤੀ ਤਵੀ 'ਤੇ ਬਹਿ ਕੇ ਜਿਸ
"ਮੀਠਾ ਲਾਗੈ" ਬਚਨ ਉਚਾਰਿਆ,
ਸਬਰਾਂ ਦੇ ਉਸ ਪਹਾੜ ਅੱਗੇ
ਜ਼ਾਲਮ ਦਾ ਵੀ ਸੀਨਾ ਪਾੜਿਆ।
ਗ੍ਰੰਥ ਸਾਹਿਬ ਦਾ ਸਿਰਜਣਹਾਰਾ,
ਬਾਣੀ ਦੇ ਮੋਤੀ ਜਿਸ ਪਰੋਏ,
ਸੁਖਮਨੀ ਦੇ ਕੇ ਜਗ ਨੂੰ ਉਸ
ਦੁੱਖਾਂ ਦੇ ਸਾਰੇ ਦਾਗ਼ ਧੋਏ।
ਪੰਜਵਾਂ ਨਾਨਕ, ਪਹਿਲਾ ਸ਼ਹੀਦ,
ਹੱਕ-ਸੱਚ ਦੀ ਜੋਤ ਜਗਾ ਗਿਆ,
ਲਾਹੌਰ ਦੀ ਧਰਤੀ ਸਾਖੀ ਭਰਦੀ,
ਮੀਰੀ-ਪੀਰੀ ਦਾ ਰਾਹ ਪਾ ਗਿਆ।
ਅੱਜ ਵੀ ਗੁਰਮੀਤ ਸੀਸ ਝੁਕਾ ਕੇ
ਉਸ ਸ਼ਹਾਦਤ ਨੂੰ ਸਿਜਦਾ ਕਰਦਾ,
"ਧੰਨ ਗੁਰੂ ਅਰਜਨ" ਕਹਿ ਕੇ
ਅੱਖੀਆਂ 'ਚੋਂ ਸ਼ਰਧਾ ਦੇ ਫੁੱਲ ਝਰਦਾ।



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ,**
**ਜਲੰਧਰ**

## "ਬਾਪੂ ਤੂੰ ਤੁਰ ਗਿਓਂ"

ਬਾਪੂ ਤੂੰ ਤੁਰ ਗਿਓਂ, ਸਿਰੋਂ ਛੱਤ ਟੁੱਟ ਗਈ।
ਸਾਡੀ ਰੁੱਸ ਗਈ ਬਹਾਰ, ਦੁਨੀਆਂ ਹੀ ਲੁੱਟ ਗਈ।
ਭਾਵੇਂ ਉੱਤੋਂ-ਉੱਤੋਂ ਰਹਿੰਦਾ, ਸਾਨੂੰ ਘੂਰਦਾ ਸੀ ਤੂੰ।
ਔਖਾ-ਸੌਖਾ ਰੀਝਾਂ ਸਾਡੀਆਂ ਨੂੰ ਪੂਰਦਾ ਸੀ ਤੂੰ।
ਕਾਹਦਾ ਛੱਡ ਕੇ ਤੂੰ ਗਿਆ,
ਝੁੱਲੀ ਦੁੱਖਾਂ ਦੀ ਹਨ੍ਹੇਰੀ।
ਸਾਨੂੰ ਤੇਰੇ ਬਿਨਾਂ ਦੇਵੇ,
ਕੌਣ ਹਿੰਮਤ, ਦਲੇਰੀ।
ਦੇਵੇ ਹਿੰਮਤ, ਦਲੇਰੀ।
ਪੂਰੇ ਕੀਤੇ ਸਾਡੇ ਖ਼ਾਬ,
ਛੂਹਣ ਦਿੱਤਾ ਨਾ ਅਜ਼ਾਬ।
ਸਾਡੇ ਲਈ ਠੰਢਾ ਛਿੱਟਾ ਪਹਿਲੀ ਭੂਰ ਦਾ ਸੀ ਤੂੰ।
ਔਖਾ-ਸੌਖਾ ਰੀਝਾਂ ਸਾਡੀਆਂ ਨੂੰ ਪੂਰਦਾ ਸੀ ਤੂੰ।
ਔਖ ਮੂਹਰੇ ਖੜ੍ਹ ਜਾਂਦਾ ਤੂੰ ਪਹਾੜ ਬਣ ਕੇ।
ਤੇਰੇ ਜਾਣ ਪਿੱਛੋਂ ਗਏ ਖਿੰਡ ਮਾਲਾ ਦੇ ਮਣਕੇ।
ਮਾਲਾ ਦੇ ਮਣਕੇ।
ਕੋਈ ਹੋ ਜਾਏ ਬੀਮਾਰ, ਤੈਥੋਂ ਹੁੰਦਾ ਨਾ ਸਹਾਰ,
ਹੰਝੂ ਕੇਰਦਾ ਨਾ ਭਾਵੇਂ ਰਹਿੰਦਾ ਝੂਰਦਾ ਸੀ ਤੂੰ।
ਔਖਾ-ਸੌਖਾ ਰੀਝਾਂ ਸਾਡੀਆਂ ਨੂੰ ਪੂਰਦਾ ਸੀ ਤੂੰ।
ਸਾਨੂੰ ਤੂੰ ਹੀ ਸੀ ਸਿਖਾਇਆ ਹੱਥੀਂ ਕਾਰ ਕਰਨਾ।
ਹਿੰਮਤ ਦਾ ਲੈ ਚੱਪੂ ਨਦੀ ਔਕੜਾਂ ਦੀ ਤਰਨਾ।
ਤੇਰੇ ਸੀ ਇਰਾਦੇ ਉੱਚੇ, ਤੇ ਸੀ ਕਰਤੱਵ ਸੁੱਚੇ,
ਹਮੇਸ਼ਾ ਦੁੱਖੜਾ ਵੰਡਾਉਂਦਾ ਮਜਬੂਰ ਦਾ ਸੀ ਤੂੰ।
ਔਖਾ-ਸੌਖਾ ਰੀਝਾਂ ਸਾਡੀਆਂ ਨੂੰ ਪੂਰਦਾ ਸੀ ਤੂੰ।
ਹਰ ਬਿਪਤਾ ਦੇ ਵੇਲੇ ਤੇਰੀ ਯਾਦ ਆਈ ਐ।
ਤੇਰੀ ਦਿੱਤੀ ਸਿੱਖਿਆ ਮੈਂ ਮਨ 'ਚ ਵਸਾਈ ਐ।
ਸੂਰਜ ਠਰਦਾ ਕਦੇ ਨਾ, ਚਾਨਣ ਮਰਦਾ ਕਦੇ ਨਾ,
'ਅਮਰ' ਸਾਡੇ ਲਈ ਰੂਪ ਕੋਹਿਨੂਰ ਦਾ ਸੀ ਤੂੰ।
ਔਖਾ-ਸੌਖਾ ਰੀਝਾਂ ਸਾਡੀਆਂ ਨੂੰ ਪੂਰਦਾ ਸੀ ਤੂੰ।



**ਅਮਰਜੀਤ ਕੌਰ ਮੋਰਿੰਡਾ**

## ਬੁਢਾਪੇ ਦਾ ਸਵਾਦ

ਯਾਰੋ! ਕੌਣ ਕਹਿੰਦਾ ਕਿ ਬੁਢਾਪੇ 'ਚ, ਜਵਾਨੀ ਦਾ ਸਿਲਸਿਲਾ ਨਹੀਂ ਹੁੰਦਾ?
ਵੈਸੇ ਅੰਬ ਤਦ ਤੱਕ ਮਜ਼ਾ ਨਹੀਂ ਦਿੰਦਾ, ਜਦ ਤੱਕ ਪਿਲਪਿਲਾ ਨਹੀਂ ਹੁੰਦਾ।

ਚਿਹਰੇ ਉੱਤੇ ਝੁਰੜੀਆਂ ਭਾਵੇਂ ਪੈਣ, ਦਿਲ ਅੱਜ ਵੀ ਅਲ੍ਹੜ ਹੁੰਦਾ।
ਉਮਰਾਂ ਦੇ ਨਾਲ ਤਜਰਬਾ ਪੱਕੇ, ਇਸ਼ਕ ਹੋਰ ਗੂੜ੍ਹਾ ਹੁੰਦਾ।

ਵਾਲਾਂ ਵਿਚ ਚਾਂਦੀ ਰਲ ਗਈ, ਪਰ ਜਜ਼ਬਾ ਕਾਲਾ-ਕਾਲਾ,
ਅੱਖੀਆਂ ਦੀ ਚਮਕ ਘਟੀ ਨਾ, ਅੱਜ ਵੀ ਸੁਪਨਾ ਪਲਦਾ।

ਲੋਕੀ ਕਹਿਣ ਢਲ ਗਈ ਉਮਰ, ਮੈਂ ਕਹਿਨਾ ਰੰਗ ਚੜ੍ਹਿਆ,
ਬਚਪਨ, ਜਵਾਨੀ, ਬੁਢਾਪਾ, ਹਰ ਰੂਪ ਅਨੋਖਾ ਵੜਿਆ।

ਬੁੱਢੀ ਹੱਡੀਂ ਵੀ ਜੋਸ਼ ਉਹੀ, ਤੁਰਨ ਦੀ ਰਫ਼ਤਾਰ ਨਵੀਂ,
ਹਰ ਸਾਹ ਦੇ ਨਾਲ ਜ਼ਿੰਦਗੀ ਜੀਵੇਂ, ਹਰ ਘੜੀ ਬਹਾਰ ਨਵੀਂ।

ਤੂਤਾਂ ਦੀ ਛਾਂਵੇ ਮੰਜਾ ਡਾਹ ਕੇ, ਪੋਤਿਆਂ ਨੂੰ ਕਿੱਸੇ ਸੁਣਾਵਾਂ,
ਚਾਟੀ ਦੀ ਲੱਸੀ ਰਿੜਕ-ਰਿੜਕ, ਸੱਭੇ ਰਲ ਕੇ ਪੀਣ ਪਿਆਵਾਂ।
ਤੀਆਂ ਦੇ ਗਿੱਧੇ 'ਚ ਢੋਲ ਵੱਜੇ, ਲੱਕ ਹੁਣ ਵੀ ਨੱਚਣੇ ਨੂੰ ਕਰਦਾ,
ਖੂਹ ਦਾ ਠੰਢਾ ਪਾਣੀ ਪੀ ਕੇ, ਜਿੰਦ ਮੁੜ ਕੇ ਜਵਾਨ ਹੁੰਦਾ।

'ਭੁੱਲਰ' ਕਹੇ ਬੁਢਾਪਾ ਯਾਰੋ, ਵੇਲਣੇ ਦਾ ਗੁੜ ਹੁੰਦਾ,
ਜਿਉਂ-ਜਿਉਂ ਪੱਕੇ ਇਹ ਜੀਵਨ-ਅੰਬ, ਤਿਉਂ-ਤਿਉਂ ਰਸਦਾਰ ਹੁੰਦਾ।

**ਸੁਰਜੀਤ ਸਿੰਘ ਭੁੱਲਰ**
**ਅਮਰੀਕਾ ਵਾਲੇ**



## ਵਰ੍ਹੇਗੰਢ ਮੁਬਾਰਕ



**ਗੁਰਮੀਤ ਸਿੰਘ (ਰਿਟਾਇਰਡ ਡੀ ਪੀ ਆਈ ਮਾਸਟਰ) ਤੇ ਅਵਤਾਰ ਕੌਰ ਨੇ ਵਿਆਹ ਦੀ 45ਵੀਂ ਵਰੇਗੰਢ ਮਨਾਈ।**

# ਬਸਪਾ ਜ਼ਿਲ੍ਹਾ ਸੰਗਰੂਰ ਦੀ ਸੰਗਠਨ ਸਮੀਖਿਆ ਮੀਟਿੰਗ 25 ਜੂਨ ਨੂੰ: ਡਾ. ਮੱਖਣ ਸਿੰਘ

## ਲੋਕ ਸਭਾ ਸੰਗਰੂਰ ਅੰਦਰ ਨੌਜਵਾਨਾਂ ਦਾ ਜੋਸ਼ ਬਸਪਾ ਨਾਲ: ਇੰਜੀ. ਅਮਨ ਬੋਧ

**ਖਨੌਰੀ, 18 ਜੂਨ: (ਚਰਨਜੀਤ ਸੱਲ੍ਹਾ )** ਅੱਜ ਬੇਗਮਪੁਰਾ ਧਾਮ ਖਨੌਰੀ ਦੀ ਧਰਮਸ਼ਾਲਾ ਵਿਖੇ ਬਹੁਜਨ ਸਮਾਜ ਪਾਰਟੀ ਹਲਕਾ ਲਹਿਰਾ ਦੀ ਸੰਗਠਨਾਤਮਕ ਸਮੀਖਿਆ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਮੁੱਖ ਤੌਰ ’ਤੇ ਡਾ. ਮੱਖਣ ਸਿੰਘ (ਸੂਬਾ ਜਨਰਲ ਸਕੱਤਰ), ਇੰਜੀ. ਅਮਨ ਬੋਧ (ਇੰਚਾਰਜ ਲੋਕ ਸਭਾ ਸੰਗਰੂਰ), ਜ਼ਿਲ੍ਹਾ ਪ੍ਰਧਾਨ ਸਤਿਗੁਰੂ ਸਿੰਘ ਮੱਟੂ, ਸੀਨੀਅਰ ਆਗੂ ਪਵਿੱਤਰ ਸਿੰਘ ਅਤੇ ਰਤਨ ਸਿੰਘ ਸੰਗਰੂਰ ਸ਼ਾਮਲ ਹੋਏ। ਮੀਟਿੰਗ ਦੌਰਾਨ ਹਲਕੇ ਅੰਦਰ ਬਸਪਾ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਅਤੇ ਪੰਜਾਬ ਸੰਭਾਲੋ ਮੁਹਿੰਮ ਨੂੰ ਘਰ-ਘਰ ਤੱਕ ਪਹੁੰਚਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਡਾ. ਮੱਖਣ ਸਿੰਘ ਨੇ ਪਾਰਟੀ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਵੱਲੋਂ ਚਲਾਈ ਜਾ ਰਹੀ “ਪੰਜਾਬ ਸੰਭਾਲੋ ਮੁਹਿੰਮ” ਸਬੰਧੀ ਵਰਕਰਾਂ ਨੂੰ ਲਾਮਬੰਦ ਕੀਤਾ।

ਸੰਗਠਨ ਦੇ ਵਿਸਥਾਰ ਤਹਿਤ ਰਾਮਦਾਸ ਭੁੱਕਲ ਨੂੰ ਜ਼ਿਲ੍ਹਾ ਮੀਤ ਪ੍ਰਧਾਨ, ਹਰਦੀਪ ਨੰਬਰਦਾਰ ਅਤੇ ਭੂਰਾ ਸਿੰਘ ਲਹਿਲ ਨੂੰ ਹਲਕਾ ਕੋਆਰਡੀਨੇਟਰ, ਰੂਪ ਸਿੰਘ ਠਸਕਾ ਨੂੰ ਹਲਕਾ ਕੈਸ਼ੀਅਰ, ਪਰਦੀਪ ਅਨਦਾਣਾ ਨੂੰ ਅਨਦਾਣਾ ਸੈਕਟਰ ਦਾ ਪ੍ਰਧਾਨ ਅਤੇ ਗੁਰਪ੍ਰੀਤ ਸੈਨ ਨੂੰ ਖਨੌਰੀ ਸੈਕਟਰ ਦਾ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਇੰਜੀ. ਅਮਨ ਬੋਧ ਨੇ ਕਿਹਾ ਕਿ ਲੋਕ ਸਭਾ ਸੰਗਰੂਰ ਅੰਦਰ ਨੌਜਵਾਨਾਂ





ਦਾ ਰੁਝਾਨ ਤੇ ਜੋਸ਼ ਲਗਾਤਾਰ ਬਸਪਾ ਵੱਲ ਵੱਧ ਰਿਹਾ ਹੈ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਭਰਪੂਰ ਸਮਰਥਨ ਮਿਲ ਰਿਹਾ ਹੈ।

ਡਾ. ਮੱਖਣ ਸਿੰਘ ਨੇ ਦੱਸਿਆ ਕਿ 25 ਜੂਨ ਨੂੰ ਸੰਗਰੂਰ ਦੇ ਮਾਯੁਰ ਪੈਲਸ ਵਿਖੇ ਜ਼ਿਲ੍ਹਾ ਸੰਗਰੂਰ ਦੇ ਪੰਜਾਂ ਵਿਧਾਨ ਸਭਾ ਹਲਕਿਆਂ ਦੀ ਸੰਗਠਨ ਸਮੀਖਿਆ ਮੀਟਿੰਗ ਕਰਵਾਈ ਜਾ ਰਹੀ ਹੈ। ਇਸ ਮੀਟਿੰਗ ਵਿੱਚ ਮੁੱਖ ਕੇਂਦਰੀ ਇੰਚਾਰਜ ਅਤੇ ਰਾਜ ਸਭਾ ਮੈਂਬਰ ਰਾਮਜੀ ਗੌਤਮ, ਕੇਂਦਰੀ ਇੰਚਾਰਜ ਵਿਪੁਲ ਕੁਮਾਰ, ਪੰਜਾਬ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਅਤੇ ਸੂਬਾ ਇੰਚਾਰਜ ਅਜੀਤ ਸਿੰਘ ਭੈਣੀ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕਰਨਗੇ। ਜ਼ਿਲ੍ਹਾ ਪ੍ਰਧਾਨ ਸਤਿਗੁਰੂ ਸਿੰਘ ਮੱਟੂ ਨੇ ਨਵੇਂ ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ, ਜਦਕਿ ਹਲਕਾ ਪ੍ਰਧਾਨ ਡਾ. ਰਾਜਕੁਮਾਰ ਜੱਸਲ ਨੇ ਮੀਟਿੰਗ ਵਿੱਚ ਸ਼ਾਮਲ ਹੋਏ ਸਾਰੇ ਅਹੁਦੇਦਾਰਾਂ ਅਤੇ ਵਰਕਰਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਹਲਕਾ ਮੀਤ ਪ੍ਰਧਾਨ ਗੁਰਪ੍ਰੀਤ ਕੰਬੋਜ, ਸਕੱਤਰ ਅਮਰੀਕ ਮੰਡਵੀ, ਖਨੌਰੀ ਸ਼ਹਿਰੀ ਪ੍ਰਧਾਨ ਗੁਲਾਬ ਸਿੰਘ ਛਾਛੀਆ, ਦਿਹਾਤੀ ਪ੍ਰਧਾਨ ਰਾਜਵੀਰ ਸਿੰਘ, ਸ਼ਹਿਰੀ ਮੀਤ ਪ੍ਰਧਾਨ ਸੋਨੂੰ ਰਾਣਾ, ਜੋਨ ਇੰਚਾਰਜ ਜਸਵੰਤ ਚੌਹਾਨ, ਸੀਨੀਅਰ ਆਗੂ ਬਾਲੀ ਲਹਿਲ, ਸੋਹਨ ਗੁਲਾੜੀ, ਚੰਨਣ ਭੁਲਣ, ਕਾਲਾ ਨੰਬਰਦਾਰ, ਵਿਕਾਸ, ਸਾਹਿਬ ਛਾਛੀਆ, ਦੇਸਰਾਜ, ਗੁਰਸੇਵਕ ਰਾਮਪੁਰਾ, ਸੰਦੀਪ ਫੂਲਦ,ਮੰਗਾ ਰਾਮਪੁਰਾ ਸੁਖਮਨ, ਰਾਜੇਸ ,ਹਰਮਨ, ਸ਼ਾਲੂ, ਸਿਮਰਜੀਤ ਅਤੇ ਹੋਰ ਕਈ ਆਗੂ ਤੇ ਵਰਕਰ ਹਾਜ਼ਰ ਸਨ।

# ਚੰਡੀਗੜ੍ਹ ਨੂੰ ਜਥੇਬੰਦਕ ਤੌਰ 'ਤੇ ਪੰਜਾਬ ਨਾਲ ਜੋੜਿਆ ਗਿਆ, ਸਰਿੰਦਰ ਸਿੰਘ ਖੁੱਡਾ ਅਲੀ ਸ਼ੇਰ ਬਣਾਏ ਗਏ ਲੋਕ ਸਭਾ ਇੰਚਾਰਜ: ਡਾ. ਅਵਤਾਰ ਸਿੰਘ ਕਰੀਮਪੁਰੀ

## ਚੰਡੀਗੜ੍ਹ ਬਸਪਾ ਦੀ ਸੈਣੀ ਭਵਨ ਵਿਖੇ ਹੋਈ ਅਹਿਮ ਮੀਟਿੰਗ, ਬੂਥ ਪੱਧਰ ਤੱਕ ਪਾਰਟੀ ਨੂੰ ਮਜ਼ਬੂਤ ਕਰਨ ਦਾ ਲਿਆ ਵੱਡਾ ਫੈਸਲਾ







**ਚੰਡੀਗੜ੍ਹ (ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ (ਬਸਪਾ) ਚੰਡੀਗੜ੍ਹ ਲੋਕ ਸਭਾ ਦੀ ਇੱਕ ਅਹਿਮ ਅਤੇ ਵਿਸ਼ੇਸ਼ ਮੀਟਿੰਗ ਅੱਜ ਸੈਣੀ ਭਵਨ, ਚੰਡੀਗੜ੍ਹ ਵਿਖੇ ਸਫ਼ਲਤਾਪੂਰਵਕ ਸੰਪੰਨ ਹੋਈ। ਇਸ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਬਸਪਾ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਪਾਰਟੀ ਵਰਕਰਾਂ ਅਤੇ ਆਗੂਆਂ ਦੇ ਭਾਰੀ ਇਕੱਠ ਨੂੰ ਸੰਬੋਧਨ ਕੀਤਾ।

ਮੀਟਿੰਗ ਦੌਰਾਨ ਇੱਕ ਵੱਡਾ ਜਥੇਬੰਦਕ ਫੈਸਲਾ ਸਾਂਝਾ ਕਰਦਿਆਂ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਦੱਸਿਆ ਕਿ ਪਾਰਟੀ ਦੀ ਮਜ਼ਬੂਤੀ ਅਤੇ ਬਿਹਤਰ ਤਾਲਮੇਲ ਲਈ ਚੰਡੀਗੜ੍ਹ ਨੂੰ ਜਥੇਬੰਦਕ ਤੌਰ 'ਤੇ ਪੰਜਾਬ ਦੇ ਨਾਲ ਜੋੜਿਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਐਲਾਨ ਕੀਤਾ ਕਿ ਪਾਰਟੀ ਦੇ ਮਿਹਨਤੀ ਆਗੂ ਸਰਦਾਰ ਸਰਿੰਦਰ ਸਿੰਘ ਖੁੱਡਾ ਅਲੀ ਸ਼ੇਰ ਨੂੰ ਚੰਡੀਗੜ੍ਹ ਲੋਕ ਸਭਾ ਦਾ ਨਵਾਂ ਇੰਚਾਰਜ ਨਿਯੁਕਤ ਕੀਤਾ ਜਾ ਚੁੱਕਾ ਹੈ।

ਡਾ. ਕਰੀਮਪੁਰੀ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਆਉਣ ਵਾਲੇ ਸਮੇਂ ਵਿੱਚ ਚੰਡੀਗੜ੍ਹ ਅੰਦਰ ਆਪਣੀਆਂ ਗਤੀਵਿਧੀਆਂ ਨੂੰ ਹੋਰ ਤੇਜ਼ ਕਰੇਗੀ। ਉਨ੍ਹਾਂ ਸਮੂਹ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਪਾਰਟੀ ਦੀ ਵਿਚਾਰਧਾਰਾ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਚੰਡੀਗੜ੍ਹ ਵਿੱਚ ਬਸਪਾ ਨੂੰ ਬੂਥ ਪੱਧਰ ਤੱਕ ਮਜ਼ਬੂਤ ਅਤੇ ਚਟਾਨ ਵਾਂਗ ਖੜ੍ਹੀ ਕਰਨ ਲਈ ਦਿਨ-ਰਾਤ ਇੱਕ ਕਰ ਦੇਣ।

ਇਸ ਵਰਕਰ ਮੀਟਿੰਗ ਵਿੱਚ ਚੰਡੀਗੜ੍ਹ ਬਸਪਾ ਦੇ ਜੁੰਮੇਵਾਰ ਆਗੂਆਂ ਅਤੇ ਵਰਕਰਾਂ ਨੇ ਬਹੁਤ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਪਾਰਟੀ ਪ੍ਰਤੀ ਆਪਣੀ ਵਫ਼ਾਦਾਰੀ ਅਤੇ ਉਤਸ਼ਾਹ ਦਾ ਪ੍ਰਗਟਾਵਾ ਕੀਤਾ।

ਮੀਟਿੰਗ ਦੌਰਾਨ ਹਾਜ਼ਰ ਆਗੂਆਂ ਨੇ ਨਵਾਂ ਸੰਕਲਪ ਲਿਆ ਕਿ ਆਉਣ ਵਾਲੇ ਦਿਨਾਂ ਵਿੱਚ ਹਰ ਇੱਕ ਬੂਥ ਉੱਤੇ ਕਮੇਟੀਆਂ ਦਾ ਗਠਨ ਕਰਕੇ ਸੰਗਠਨ ਦਾ ਵਿਸਥਾਰ ਕੀਤਾ ਜਾਵੇਗਾ।

ਮੀਟਿੰਗ ਵਿੱਚ ਹਾਜ਼ਰ ਪ੍ਰਮੁੱਖ ਸ਼ਖਸੀਅਤਾਂ:

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਸਪਾ ਦੇ ਸਾਬਕਾ ਪ੍ਰਧਾਨ ਬਰਿਜ ਪਾਲ, ਸਾਬਕਾ ਪ੍ਰਧਾਨ (ਐਮ.ਸੀ.) ਸੰਮਨ, ਡਾਕਟਰ ਬੀਕਾ, ਲੋਕ ਚੰਦ, ਗਿਰਵਰ, ਐਡਵੋਕੇਟ ਵਿਕਰਾਂਤ, ਦਿਨੇਸ਼ ਦਈਆ, ਬਲਜੀਤ ਸਲਾਣਾ, ਠੇਕੇਦਾਰ ਹਰਭਜਨ ਸਿੰਘ (ਬਜਹੇੜੀ) ਸਮੇਤ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਅਤੇ ਸੈਂਕੜੇ ਸਰਗਰਮ ਵਰਕਰ ਹਾਜ਼ਰ ਸਨ।

# ਅੰਤਰਰਾਸ਼ਟਰੀ ਯੋਗ ਦਿਵਸ ਨੂੰ ਸਮਰਪਿਤ ਯੋਗ ਕੈਂਪ ਦਾ ਸ਼ੁਭ ਆਰੰਭ

**ਭੀਖੀ,18 ਜੂਨ ( ਕਮਲ ਜਿੰਦਲ)** ਕਸਬਾ ਭੀਖੀ ਵਿਖੇ ਸੇਵਾ ਭਾਰਤੀ ਇਕਾਈ ਭੀਖੀ ਵੱਲੋਂ ਲਾਲਾ ਦੌਲਤ ਮੱਲ ਪਾਰਕ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਸਮਰਪਿਤ ਪੰਜ ਰੋਜ਼ਾ ਯੋਗ ਕੈਂਪ (17 ਜੂਨ ਤੋਂ 21 ਜੂਨ ਤੱਕ) ਅੱਜ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਸ਼ੁਰੂ ਹੋਇਆ।

ਕੈਂਪ ਦੇ ਪਹਿਲੇ ਦਿਨ ਕਸਬਾ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਯੋਗ ਪ੍ਰਤੀ ਆਪਣੀ ਰੁਚੀ ਦਰਸਾਈ।ਇਸ ਮੌਕੇ ਯੋਗ ਆਚਾਰਿਆ ਸ਼੍ਰੀ ਯੋਗੇਸ਼ ਖੁਰਾਣਾ (ਸੰਗਰੂਰ) ਅਤੇ ਆਰਟ ਆਫ ਲਿਵਿੰਗ ਸ਼੍ਰੀ ਸ਼੍ਰੀ ਰਵੀ ਸ਼ੰਕਰ ਫਾਊਂਡੇਸ਼ਨ ਨਾਲ ਜੁੜੇ ਵਿਦਵਾਨਾਂ ਵੱਲੋਂ ਯੋਗ ਸਾਧਨਾ ਦੇ ਮਹੱਤਵਪੂਰਨ ਅੰਗ ਧਿਆਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਭਗਵਾਨ ਮਹਾਦੇਵ ਸ਼ਿਵ ਨੂੰ ਧਿਆਨ ਦਾ ਆਦਿ ਗੁਰੂ ਮੰਨਿਆ ਜਾਂਦਾ ਹੈ ਅਤੇ ਵਿਗਿਆਨ ਭੈਰਵ ਤੰਤਰ ਵਿੱਚ ਵਰਣਿਤ ਧਿਆਨ ਦੀਆਂ ਵਿਧੀਆਂ ਅੱਜ ਵੀ



ਮਨੁੱਖੀ ਜੀਵਨ ਨੂੰ ਸ਼ਾਂਤੀ ਅਤੇ ਆਤਮਿਕ ਉੱਨਤੀ ਵੱਲ ਲੈ ਜਾਂਦੀਆਂ ਹਨ।ਵਕਤਾਵਾਂ ਨੇ ਦੱਸਿਆ ਕਿ ਵੇਦਾਂ ਅਤੇ ਉਪਨਿਸ਼ਦਾਂ ਵਿੱਚ ਧਿਆਨ ਨੂੰ ਮਨ ਦੀ ਸ਼ਾਂਤੀ, ਪਰਮਾਤਮਾ ਦੀ ਉਪਾਸਨਾ ਅਤੇ ਆਤਮ-ਗਿਆਨ ਪ੍ਰਾਪਤ ਕਰਨ ਦਾ ਸਰਵੋਤਮ ਮਾਰਗ ਮੰਨਿਆ ਗਿਆ ਹੈ। ਇਸ ਦੌਰਾਨ ਮੰਤਰ ਧਿਆਨ, ਗਾਇਤਰੀ ਉਪਾਸ-ਨਾ, ਪ੍ਰਾਣਾਯਾਮ, ਨਾਦ ਯੋਗ ਅਤੇ ਆਤਮ-ਚਿੰਤਨ ਵਰਗੀਆਂ ਪ੍ਰਾਚੀਨ ਧਿਆਨ ਵਿਧੀਆਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ। ਵਕਤਾਵਾਂ ਨੇ ਧਿਆਨ ਦੇ ਲਾਭਾਂ ਬਾਰੇ ਦੱਸਦਿਆਂ ਕਿਹਾ ਕਿ ਨਿਯਮਤ ਧਿਆਨ ਕਰਨ ਨਾਲ ਤਣਾਅ ਘਟਦਾ ਹੈ, ਮਨ ਸ਼ਾਂਤ ਰਹਿੰਦਾ ਹੈ, ਇਕ-ਾਗਰਤਾ ਵਿੱਚ ਵਾਧਾ ਹੁੰਦਾ ਹੈ ਅਤੇ ਵਿਅਕਤੀ ਆਪਣੇ ਅਸਲ ਸਰੂਪ ਨੂੰ ਸਮਝਣ ਦੇ ਯੋਗ ਬਣਦਾ ਹੈ। ਸੇਵਾ ਭਾਰਤੀ ਇਕਾਈ ਭੀਖੀ ਵੱਲੋਂ ਸਮੂਹ ਨਗਰ ਨਿਵਾਸੀਆਂ ਨੂੰ ਇਸ ਯੋਗ ਕੈਂਪ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

# ....ਤੇ ਹੱਟੀ ਖੁੱਲ ਗਈ!

ਮਾਪਿਆਂ ਦਾ ਲਾਡਲਾ ਪੁੱਤ ਜੀਤਾ ਪੜ੍ਹਨ ਦੇ ਵਿੱਚ ਕੁਝ ਬਾਹਲਾ ਈ ਢਿੱਲਾ ਸੀ। ਪਿਓ ਨੇ ਇੱਕ ਤੋਂ ਬਾਅਦ ਇੱਕ ਕਈ ਸਕੂਲ ਬਦਲੇ, 'ਸੇਵਾ ਪਾਣੀ' ਵੀ ਪੂਰੀ ਕਰੀ ਪਰ ਉਹ ਮਾਂ ਦਾ ਪੁੱਤ ਪੰਜਵੀਂ ਜਮਾਤ ਤੋਂ 'ਗਾਂਹ ਨਾ ਟੱਪਿਆ। ਮਾਸਟਰਾਂ ਦੀ ਕੋਈ ਗੱਲ ਖ਼ਾਨੇ ਈ ਨੀ ਪਈ ਪਤੰਦਰ ਦੇ ਤੇ ਹਾਰ ਕੇ ਉਹਨਾਂ ਨੇ ਵੀ ਹੱਥ ਈ ਜੋੜ ਦਿੱਤੇ। ਜਦੋਂ ਅਫਸਰ ਬਣਾਉਣ ਦੀ ਉਮੀਦ ਟੁੱਟ ਗਈ ਤਾਂ ਪਿਓ ਨੇ ਸੋਚਿਆ ਕੋਈ ਕੰਮ ਧੰਦਾ ਈ ਸਿਖਾ ਦਿੰਦੇ ਆਂ, ਕੱਲ ਨੂੰ ਹੱਟੀ ਖੋਲ ਕੇ ਆਪਣਾ ਕਮਾਉਣ ਖਾਣ ਜੋਗਾ ਤਾਂ ਹੋ ਜਾਊ। ਚਲੋ ਜੀ ਜੀਤੇ ਨੂੰ ਕੰਮ ਸਿਖਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਪਰ ਇੱਥੇ ਵੀ ਉਹੀ ਕਹਾਣੀ। ਕਾਰੀਗਰ ਬਣਨਾ ਤਾਂ ਦੂਰ ਦੀ ਗੱਲ, ਢੰਗ ਨਾਲ ਔਜ਼ਾਰ ਫੜਨਾ ਵੀ ਨਾ ਆਇਆ ਵਿਚਾਰੇ ਨੂੰ। ਨਿੱਤ ਦੇ ਕੰਜਰ ਘਾਟ ਤੋਂ ਦੁਖੀ ਹੋ ਕੇ ਆਖਰ ਜੀਤਾ ਘਰੋਂ ਭੱਜ ਗਿਆ ਤੇ ਇੱਕ ਸਾਧ ਦੇ ਡੇਰੇ ਜਾ ਸ਼ਰਨ ਲੈ ਲਈ। ਉੱਥੇ ਰਹਿੰਦਿਆਂ ਮੋਟੇ ਦਿਮਾਗ ਵਾਲਾ ਜੀਤਾ ਹੌਲੀ ਹੌਲੀ ਬਾਬੇ ਕੋਲੋਂ ਲੋਕਾਂ ਨੂੰ ਮਗਰ ਲਾਉਣ ਦੀਆਂ ਸਾਰੀਆਂ ਬਰੀਕੀਆਂ ਸਿੱਖ ਗਿਆ ਤੇ ਅੱਜ ਪਿੰਡੋਂ ਬਾਹਰ ਮੇਨ ਰੋਡ ਤੇ 'ਆਲੀਸ਼ਾਨ ਇਮਾਰਤ' ਬਣਾ ਕੇ ਲੋਕਾਂ ਦੀਆਂ ਹਰ ਤਰ੍ਹਾਂ ਦੀਆਂ ਦੁੱਖ ਤਕਲੀਫ਼ਾਂ ਦੂਰ ਕਰ ਰਿਹਾ ਏ। ਕੱਲ ਦਾ ਨਿਕੰਮਾ ਜੀਤਾ ਅੱਜ ਦੁੱਧ ਧੋਤੇ ਕੱਪੜੇ ਪਾ ਕੇ ਰਿੱਧੀਆਂ-ਸਿੱਧੀਆਂ ਤੇ ਕਰਨੀ ਦਾ ਮਾਲਕ ਬਣ ਕੇ ਮੌਜਾਂ ਲੁੱਟ ਰਿਹਾ ਏ। ਵੱਡੇ ਵੱਡੇ ਧਨਾਢ,ਅਫਸਰ, ਬੀਬੀਆਂ ਤੇ ਕਾਰੋਬਾਰੀ ਜੀਤੇ ਬਾਬੇ ਦੇ "ਡੇਰੇ" ਤੇ ਆ ਕੇ ਚੌਂਕੀਆਂ ਭਰਦੇ ਨੇ,ਸੁੱਖਾਂ ਸੁੱਖਦੇ ਨੇ ਤੇ ਮੰਨਤਾਂ ਮੰਗਦੇ ਨੇ।



**ਗੁਰਜਿੰਦਰ ਸਿੰਘ ਸਾਹਦੜਾ**
**9815302341**

# ਜੀਵਨ...

ਪੰਛੀਆਂ ਦੇ ਬੋਟਾਂ ਨੇ ਹੋਣਾ ਉਡਾਰ ਐ,
ਅੱਜ ਚੋਗਾ ਮਿਲਿਆ ਨਾ ਕੱਲ੍ਹ ਦੀ ਵਿਚਾਰ ਐ,
ਕੱਠਾ ਕੁੱਝ ਕਰਨ ਦਾ ਕਦੇ ਵੀ ਨਾ ਭਾਰ ਲਿਐ।
ਮੌਜ-ਮਸਤੀ 'ਚ ਇਨ੍ਹਾਂ ਜੀਵਨ ਗੁਜ਼ਾਰ ਲਿਐ,
ਪੌਦਿਆਂ ਮਨੁੱਖ ਦਾ ਭਲਾ ਸਦਾ ਲੋਚਿਆ ਏ,
ਬਦਲੇ 'ਚ ਕੀ ਮਿਲੂ ਕਦੇ ਵੀ ਨਾ ਸੋਚਿਆ ਏ,
ਜਨਮ ਤੋਂ ਮੌਤ ਤੱਕ ਸਾਥ ਇਹ ਨਿਭਾਉਂਦੇ ਨੇ,
ਪਰਉਪਕਾਰੀ ਵਾਲਾ ਜੀਵਨ ਬਿਤਾਉਂਦੇ ਨੇ।
ਪਸ਼ੂ ਤਾਂ ਵਿਚਾਰੇ ਬਾਂਝੇ ਅਜ਼ਾਦੀ ਦੇ ਸੁੱਖ ਤੋਂ,
ਹੈਗੇ ਬੜੇ ਦੁਖੀ ਇਹ ਲਾਲਚੀ ਮਨੁੱਖ ਤੋਂ,
ਅੰਤ ਸਮੇਂ ਬੁੱਚੜਾਂ ਤੋਂ ਬੋਟੀਆਂ ਨੋਚਵਾਉਂਦੇ ਨੇ।
ਤਾਂ ਵੀ ਪਰਉਪਕਾਰ ਦਾ ਜੀਵਨ ਬਿਤਾਉਂਦੇ ਨੇ,
ਕਿੰਨਾ 'ਕੱਠਾ ਕਰਨੈ ਨਾ ਇਹਦੀ ਕੋਈ ਹੱਦ ਐ,
ਤਮਾ ਤਾਂ ਮਨੁੱਖ ਵਾਲੀ ਯਾਰੋ ਹੱਦੋਂ ਵੱਧ ਐ,
ਸਭ ਕੁੱਝ ਹੁੰਦਿਆਂ ਵੀ ਰਹਿੰਦਾ ਪਛਤਾਉਂਦਾ ਏ,
ਵਿੱਚ ਭੰਬਲਭੂਸੇ ਦੇ ਸਾਰਾ ਜੀਵਨ ਬਿਤਾਉਂਦਾ ਏ।
ਰੱਬ ਨੇ ਬਣਾਇਆ ਸੀ ਸਭਨੂੰ ਸਮਾਨ ਏਥੇ,
ਪਰ ਮਨੁੱਖ ਬਣ ਗਿਆ ਹੈ ਹੈਵਾਨ ਏਥੇ,
ਫਿਰਦਾ ਹੈ ਮਾਰਦਾ ਤ੍ਰਿਸ਼ਨਾ ਦੀ ਮਾਰ ਏਥੇ,
ਧਰਤੀ ਨੂੰ ਬਣਾ ਦਿੱਤਾ ਸ਼ਮਸ਼ਾਨ ਏਥੇ,
ਖ਼ਾਲੀ ਹੱਥ ਆਇਆ ਸੀ ਤੇ ਖ਼ਾਲੀ ਹੱਥ ਜਾਣਾ ਏ,
'ਦੀਪ' ਕਹੇ ਫਿਰ ਵੀ ਲੋਭ 'ਚ ਭਰਮਾਣਾ ਏ।



**ਸੰਦੀਪ 'ਦੀਪ' ਦੰਦਰਾਲਾ ਖਰੌਡ**
**9872701191**

# ਕਾਂਗਰਸ ਹਾਈ ਕਮਾਂਡ ਪੰਜਾਬ ਵਿੱਚ ਸੱਤਾ ਪ੍ਰਾਪਤੀ ਲਈ ਸਾਬਕਾ ਮੁੱਖ ਮੰਤਰੀ ਸ ਚਰਨਜੀਤ ਸਿੰਘ ਚੰਨੀ ਨੂੰ ਸੌਂਪਣ ਵੱਡੀ ਜ਼ਿੰਮੇਵਾਰੀ-ਸੋਮ ਦੱਤ ਸੋਮੀ

**ਫਿਲੌਰ/ਅੱਪਰਾ,18 ਜੂਨ (ਦੀਪਾ)**-ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਜੇਕਰ ਕਾਂਗਰਸ ਪਾਰਟੀ ਨੇ ਦੁਬਾਰਾ ਸੱਤਾ ਪ੍ਰਾਪਤ ਕਰਨੀ ਹੈ ਤਾਂ ਹਾਈ ਕਮਾਂਡ ਨੂੰ ਸਾਬਕਾ ਮੁੱਖ ਮੰਤਰੀ ਸ ਚਰਨਜੀਤ ਸਿੰਘ ਚੰਨੀ ਨੂੰ ਅਹਿਮ ਜ਼ਿੰਮੇਵਾਰੀ ਸੌਂਪਣੀ ਚਾਹੀਦੀ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸੋਮ ਦੱਤ ਸੋਮੀ ਕੋ-ਚੇਅਰਮੈਨ ਜ਼ਿਲ੍ਹਾ ਜਲੰਧਰ ਕਾਂਗਰਸ ਨੇ ਕਿਹਾ ਕਿ ਸ ਚੰਨੀ ਹਰ ਵਰਗ ਦੇ ਹਰਮਨਪਿਆਰੇ ਨੇਤਾ ਹਨ। ਪੰਜਾਬ ਦੇ ਜ਼ਿਆਦਾਤਰ ਵਿਧਾਇਕ ਵੀ ਉਨਾਂ ਨੂੰ ਪਸੰਦ ਕਰਦੇ ਹਨ ਤੇ ਉਨ੍ਹਾਂ ਦੀ ਅਗਵਾਈ ਵਿੱਚ ਕੰਮ ਕਰਨਾ ਚਾਹੁੰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪਿਛਲੀ ਵਾਰ ਜਦੋਂ ਚੰਨੀ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਲਈ ਕਈ ਲੋਕ ਭਲਾਈ ਸਕੀਮਾਂ ਬਿਨਾਂ ਕਿਸੇ ਭੇਦ ਭਾਵ ਤੋਂ ਜਾਰੀ ਕੀਤੀਆਂ ਸਨ। ਸ ਚਰਨਜੀਤ ਸਿੰਘ ਚੰਨੀ ਇੱਕ ਤਕੜੇ ਬੁਲਾਰੇ ਵੀ ਹਨ ਤੇ ਆਮ ਲੋਕ ਉਨਾਂ ਦੇ ਭਾਸ਼ਣਾਂ ਨੂੰ ਪੂਰੇ ਗੌਰ ਨਾਲ ਸੁਣਦੇ ਹਨ। ਪੰਜਾਬ ਦੇ ਲੋਕ ਮਹਿਸੂਸ ਕਰਦੇ ਹਨ ਕਿ ਸ ਚਰਨਜੀਤ ਸਿੰਘ ਚੰਨੀ ਕੋਈ ਹੋਰ ਨਹੀਂ ਬਲਕਿ ਉਨਾਂ 'ਚ ਹੀ ਹਨ, ਉਨਾਂ ਦੇ ਆਪਣੇ ਹਨ। ਸੋਮ ਦੱਤ ਸੋਮੀ ਨੇ ਕਿਹਾ ਕਿ ਪੰਜਾਬ ਵਿੱਚ ਸੱਤਾ ਪ੍ਰਾਪਤੀ ਲਈ ਕਾਂਗਰਸ ਹਾਈ ਕਮਾਂਡ ਨੂੰ ਸਾਬਕਾ ਮੁੱਖ ਮੰਤਰੀ ਸ ਚਰਨਜੀਤ ਸਿੰਘ ਚੰਨੀ ਨੂੰ ਅਹਿਮ ਜ਼ਿੰਮੇਵਾਰੀ ਜਲਦ ਤੋਂ ਜਲਦ ਸੌਂਪਣੀ ਚਾਹੀਦੀ ਹੈ ਤਾਂ ਪਾਰਟੀ ਦੇ ਬਾਕੀ ਅਹੁਦੇਦਾਰ ਵੀ ਸ ਚੰਨੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਕਾਂਗਰਸ ਪਾਰਟੀ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾ ਸਕਣ।



# ਕੌਫ਼ੀ ਵਿਦ ਦੀਪਕ ਸਚਦੇਵਾ

"ਅੰਕਲ ਜੀ, ਘਰੇ ਹੀ ਹੋ? ਮੈਂ ਆ ਰਿਹਾ ਸੀ, ਬੱਸ ਆਈ.ਟੀ.ਆਈ. ਚੌਂਕ 'ਤੇ ਹਾਂ। ਮੈਨੂੰ ਕੋਠੀ ਨੰਬਰ ਤੇ ਲੋਕੇਸ਼ਨ ਭੇਜ ਦਿਓ।" ਜਦੋਂ ਅਸੀਂ ਹਾਉਸਫੈਡ ਦੇ ਸ੍ਰੀ ਗੁਰਦੁਆਰਾ ਸਾਹਿਬ ਤੋਂ ਵਾਪਸ ਆ ਰਹੇ ਸੀ ਤਾਂ ਦੀਪਕ ਦਾ ਮੈਨੂੰ ਫੋਨ ਆਇਆ।

ਦੀਪਕ ਡੱਬਵਾਲੀ ਵਿੱਚ ਇੱਕ ਨਿਊਜ਼ ਗਰੁੱਪ ਚਲਾਉਂਦਾ ਹੈ, ਇਸੇ ਲਈ ਸੋਸ਼ਲ ਮੀਡੀਆ 'ਤੇ ਐਕਟਿਵ ਹੈ। ਦੀਪਕ ਦੇ ਜਨਮ ਲੈਂਦੇ ਹੀ ਉਸ ਦਾ ਜ਼ਿੰਦਗੀ ਲਈ ਸੰਘਰਸ਼ ਸ਼ੁਰੂ ਹੋ ਗਿਆ ਸੀ। ਦੀਪਕ ਦੇ ਪਾਪਾ ਦੁੱਧ ਦਾ ਕੰਮ ਕਰਦੇ ਸਨ ਤੇ ਵਧੀਆ ਗੁਜ਼ਾਰਾ ਚੱਲਦਾ ਸੀ। ਇੱਕ ਸਾਲ ਦਾ ਸੀ ਦੀਪਕ ਜਦੋਂ ਪਾਪਾ ਦੀ ਬਿਮਾਰੀ ਅਤੇ ਫਿਰ ਮੌਤ ਨੇ ਉਸਨੂੰ ਰੋਜ਼ੀ-ਰੋਟੀ ਦੇ ਫ਼ਿਕਰਾਂ ਵਿੱਚ ਪਾ ਦਿੱਤਾ। ਦੀਪਕ ਨੇ ਕੋਈ ਕੰਮ ਨਹੀਂ ਛੱਡਿਆ। ਮਿਹਨਤ ਤੋਂ ਪਾਸਾ ਨਹੀਂ ਵੱਟਿਆ। ਸੱਤਵੀਂ 'ਚ ਪੜ੍ਹਦਾ ਦੀਪਕ ਅਖ਼ਬਾਰ ਵੰਡਣ ਲੱਗ ਪਿਆ। ਉਹ ਅੱਜ ਵੀ ਸਵੇਰੇ-ਸਵੇਰੇ ਅਖ਼ਬਾਰ ਵੰਡਦਾ ਹੈ। ਫ਼ਰਕ ਇਹ ਹੈ ਕਿ ਹੁਣ ਇਹ ਉਸਦੀ ਪਾਰਟ-ਟਾਈਮ ਜੌਬ ਹੈ। ਉਂਝ ਉਹ ਕਿਸੇ ਫਰਮ ਵਿੱਚ ਸਹਾਇਕ ਵਜੋਂ ਨੌਕਰੀ ਕਰਦਾ ਹੈ। ਉਹ ਹਮੇਸ਼ਾ ਮਾਲਕਾਂ ਪ੍ਰਤੀ ਵਫ਼ਾਦਾਰ ਰਹਿੰਦਾ ਹੈ, ਇਸ ਲਈ ਉਸ ਨੂੰ ਵਾਰ-ਵਾਰ ਮਾਲਕ ਨਹੀਂ ਬਦਲਣੇ ਪੈਂਦੇ।



ਗੁਜ਼ਾਰੇ ਜੋਗੀ ਆਮਦਨ ਅਤੇ ਰੋਜ਼ਗਾਰ ਦੇ ਭਰੋਸੇ ਦੀਪਕ ਦਾ ਵਿਆਹ ਵੀ ਹੋ ਗਿਆ ਤੇ ਅੱਜ ਉਹ ਇੱਕ ਮੁੰਡੇ ਦਾ ਬਾਪ ਵੀ ਹੈ। ਦੀਪਕ ਕੋਈ ਸੈਲੀਬ੍ਰਿਟੀ ਨਹੀਂ ਤੇ ਨਾ ਕੋਈ ਕਲਾਕਾਰ ਜਾਂ ਅਦਾਕਾਰ ਹੈ। ਨਾ ਹੀ ਉਹ ਮੂੰਹ 'ਚ ਚਾਂਦੀ ਦਾ ਚਮਚ ਲੈ ਕੇ ਪੈਦਾ ਹੋਇਆ ਹੈ। ਉਸ ਦੀ ਕਹਾਣੀ ਮਿਹਨਤ, ਸ਼ਰਾਫ਼ਤ ਅਤੇ ਹਲੀਮੀ ਦਾ ਪ੍ਰਤੀਕ ਹੈ। ਮੈਨੂੰ ਉਹ ਮਿਹਨਤੀ ਲੋਕਾਂ ਦਾ ਬ੍ਰਾਂਡ ਅੰਬੈਸਡਰ ਨਜ਼ਰ ਆਉਂਦਾ ਹੈ।

ਕੌਫ਼ੀ 'ਤੇ ਦੀਪਕ ਨਾਲ ਮੰਡੀ ਡੱਬਵਾਲੀ ਵਿੱਚ ਮੀਡੀਆ ਦੇ ਯੋਗਦਾਨ 'ਤੇ ਚਰਚਾ ਕੀਤੀ। ਅਸੀਂ ਪ੍ਰੈੱਸ ਤੇ ਪ੍ਰਿੰਟਿੰਗ ਪ੍ਰੈੱਸ ਤੋਂ ਇਲਾਵਾ ਵੱਖ-ਵੱਖ ਨਿਊਜ਼ ਚੈਨਲਾਂ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਛਪਦੇ ਲੋਕਲ ਅਖ਼ਬਾਰਾਂ ਤੇ ਉਹਨਾਂ ਦੇ ਮਾਲਕਾਂ ਦੀ ਗੱਲ ਕੀਤੀ। ਮੈਂ ਦੀਪਕ ਨੂੰ ਕੋਈ ਚਾਰ ਕੁ ਮਹੀਨੇ ਪਹਿਲਾਂ ਉਸਦੇ ਨਿਊਜ਼ ਗਰੁੱਪ ਨਾਲ ਇਸ਼ਤਿਹਾਰਬਾਜ਼ੀ ਕਰਨ ਦੀ ਸਲਾਹ ਦਿੱਤੀ ਸੀ। ਸ਼ੁਰੂਆਤੀ ਦੌਰ ਵਿੱਚ ਉਸਨੂੰ ਚੰਗਾ ਹੁਲਾਰਾ ਮਿਲਿਆ ਹੈ।

ਦੀਪਕ ਸਚਦੇਵਾ 9069887000 ਵਿਵਾਦ ਵਾਲੀਆਂ ਖ਼ਬਰਾਂ ਤੋਂ ਦੂਰ ਰਹਿੰਦਾ ਹੈ। ਇੱਥੇ ਸ਼ਾਇਦ ਉਸਦੀ ਹਲੀਮੀ ਆੜੇ ਆਉਂਦੀ ਹੈ। ਫਿਰ ਵੀ ਮੈਨੂੰ ਇਸਦਾ ਭਵਿੱਖ ਉੱਜਵਲ ਨਜ਼ਰ ਆਉਂਦਾ ਹੈ, ਕਿਉਂਕਿ ਮਿਹਨਤ ਕਦੇ ਬੇਕਾਰ ਨਹੀਂ ਜਾਂਦੀ।

**ਰਮੇਸ਼ ਸੇਠੀ ਬਾਦਲ**
**9876627233**

# (ਆਦਮੀ ਤੀਵੀਂ ਦਾ ਰਿਸ਼ਤਾ)

ਜਿਵੇਂ ਹਾਥੀ ਦੇ ਦੰਦ ਖਾਣ ਨੂੰ ਹੋਰ ਤੇ ਦਿਖਾਉਣ ਨੂੰ ਹੋਰ ਹੁੰਦੇ ਹਨ। ਇਸੇ ਤਰ੍ਹਾਂ ਆਦਮੀ ਅਤੇ ਤੀਵੀ ਦਾ ਰਿਸ਼ਤਾ ਵੀ ਦੇਖਣ ਨੂੰ ਕੁਝ ਹੋਰ ਲੱਗਦਾ ਹੈ ਅੰਦਰੂਨੀ ਤੌਰ ਤੇ ਕੁਝ ਹੋਰ ਹੁੰਦਾ ਹੈ। ਇਸ ਕਰਕੇ ਮਿੱਤਰੋ, ਘਬਰਾਇਆ ਨਾ ਕਰੋ। ਜੋ ਬੁਰੀ ਹੁੰਦੀ ਹੈ ਉਹ ਤੁਹਾਡੇ ਕੱਲਿਆਂ ਨਾਲ ਨਹੀਂ ਹੁੰਦੀ। ਸਭ ਨਾਲ ਹੀ ਹੁੰਦੀ ਹੈ। ਗੱਲਬਾਤ ਕਰਕੇ ਤੇ ਸਮਝੌਤਾਵਾਦੀ ਰਸਤਾ ਅਪਣਾਕੇ ਹੀ, ਇਹ ਜ਼ਿੰਦਗੀ ਲੰਘਦੀ ਹੈ। ਹੌਸਲਾ ਰੱਖੋ, ਹੌਸਲਾ ਹੀ ਜ਼ਿੰਦਗੀ ਹੁੰਦਾ ਹੈ। ਰੋਅਬ ਵੀ ਵਾਰੀ ਵੱਟੇ ਦਿਖਾਉਣਾ ਚਾਹੀਦਾ ਹੈ। ਉੱਤਰ ਕਾਟੋ ਮੈ ਚੜ੍ਹਾਂ। ਜ਼ਿੰਦਗੀ ਘੋਲ ਹੈ ਖ਼ੁਸ਼ੀਆਂ ਗਮੀਆਂ ਦਾ। ਅੰਦਰਝਾਤ ਮਾਰ ਕੇ, ਦੂਰ ਕਰਨਾ ਕਮੀਆਂ ਦਾ। ਕਾਮੁਕ ਰੁਚੀਆਂ ਤੇ ਕਾਬੂ ਪਾਓ, ਵਾਧੂ ਦੇ ਕਲੇਸ਼ ਨਾ ਵਧਾਓ। ਜੇ ਉਹ ਬਣ ਜਾਵੇ ਤੂਫਾਨਾਂ ਦੀ ਰਾਣੀ, ਕਬੀਲਦਾਰੀ ਦੇ ਸੰਤ ਮਹਾਤਮਾ ਬਣਕੇ, ਹੋ ਜਾਓ ਸਮੇਂ ਦੇ ਹਾਣੀ। ਧਿਆਨ ਅਪਣੇ ਪ੍ਰੀਵਾਰ ਦਾ ਰੱਖੋ।ਘਰ ਦਾ ਭੇਤ ਬਾਹਰ ਨਾ ਦਸੋ। ਸੁਖੀ-ਸਾਂਦੀ ਆਪਣੇ ਘਰ ਵਿੱਚ ਵੱਸੋ। ਘਰ ਦਾ ਭੇਤੀ ਲੰਕਾ ਢਾਵੇ। ਸ਼ਰੀਕਾਂ ਨੂੰ, ਚੁਗਲੀਆਂ ਕਰਨ ਦਾ, ਮੌਕਾ ਲੱਗ ਜਾਵੇ। ਰੱਬ ਭੈੜਿਆਂ ਬੰਦਿਆਂ ਦੀ ਨਜ਼ਰ ਤੋਂ ਬਚਾਵੇ !



ਔਰਤਾਂ ਖੁਫੀਏ ਦਾ ਰੋਲ ਵੀ ਬਹੁਤ ਵਧੀਆ ਕਰਦੀਆਂ। ਖੱਬੀਖਾਨਾਂ ਤੋਂ ਭਾਵੇਂ ਅੰਦਰਖਾਤੇ ਰਹਿਣ ਡਰਦੀਆਂ। ਪਰ ਮਰਜ਼ੀ ਅਪਣੀ ਰਹਿੰਦੀਆਂ ਕਰਦੀਆਂ। ਲੜਾਈ ਦੀ ਜੜ੍ਹ ਬਣੀਆਂ ਰਹਿਣ, ਸਮਝਾਉਣ ਉੱਤੇ ਹੀ ਆਖੇ ਲਗਦੀਆਂ। ਫਫੇਕੁੱਟਣੀਆਂ ਵੀ ਇਨ੍ਹਾਂ ਦੀ ਨਸਲ ਵਿੱਚੋਂ ਆਉਂਦੀਆਂ। ਸਿਆਪਾ ਹਰ ਘਰ ਵਿੱਚ ਰਹਿਣ ਪਵਾਉਂਦੀਆਂ। ਸਿਆਣੀ ਔਰਤ ਸਮਝਦੀ, ਘਰ ਅਪਣਾ ਹੀ ਬਰਬਾਦ ਹੋਣਾ,ਕਿਸੇ ਦਾ ਕੀ ਜਾਣਾ।ਸ਼ਰੀਕ ਤਾਂ ਮੁਸ਼ਕਣੀ ਹੱਸੀ ਹੱਸਦੇ ,ਕਹਿੰਦੇ ਬੁਧੂ ਲਾਣਾ। ਸਲਾਮਤ ਰਹਿਣ ਜੋੜੀਆਂ ਜੱਗ ਥੋੜ੍ਹੀਆਂ। ਬਹਾਦਰ ਅਤੇ ਸਿਆਣੀਆਂ ਔਰਤਾਂ ਨੂੰ ਸਲਾਮ। ਦੇਸ਼ ਦਾ ਭਵਿੱਖ ਸਿਆਣੀਆਂ ਔਰਤਾਂ ਤੇ ਨਿਰਭਰ ਕਰਦਾ,ਸੁਖੀ ਵੱਸੇ ਮੇਰਾ ਭਾਰਤ ਮਹਾਨ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ**
**ਫੋਨ ਨੰਬਰ : 9878469639**

All Party Parliamentary Group on
**Indian Traditional Sciences**

INTERNATIONAL DAY OF

# yoga

## MONDAY 22ND JUNE 2026 • 5-7pm

THE HOUSE OF COMMONS • COMMITTEE ROOM NO 9
LONDON • SW1A 0AA

**We warmly invite you to join us at the Houses of Commons, London, in celebration of International Day of Yoga, proclaimed by the United Nations in 2014 and observed globally on 21st June each year.**

**Rooted in India's ancient spiritual tradition, yoga offers a holistic path to physical wellbeing, mental clarity and inner peace. This special gathering will honour the timeless wisdom of yoga and its message of harmony, unity and peace.**

### Zoom Meeting

https://lshtm.zoom.us/j/89547957365?p-wd=pIb2xyHm11feClhEUf9NK1lVouJDH3.1
Meeting ID: 895 4795 7365
Password: 586304

**RSVP by 12th June 2026**
**Amarjeet S. Bhamra • IndianSciences@hotmail.com**

# ਬੋਧੀ ਸਤਵ ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੁਸਾਇਟੀ ਸ਼ਾਖਾ ਨਕੋਦਰ ਦੀ ਮੀਟਿੰਗ ਸਫਲਤਾ ਪੂਰਵਕ ਸੰਪਨ ਹੋਈ





**ਸਮਾਜ ਵੀਕਲੀ ਯੂ ਕੇ**

ਅੱਜ ਮਿਤੀ 18 /6/ 2026 ਦਿਨ ਵੀਰਵਾਰ ਨੂੰ ਬੁੱਧੀਸਤਵ ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੁਸਾਇਟੀ ਦੀ ਪਹਿਲੀ ਮੀਟਿੰਗ ਮੁਹੱਲਾ ਡਾਕਟਰ ਅੰਬੇਡਕਰ ਨਗਰ (ਨਵੀ ਆਬਾਦੀ) ਸ੍ਰੀ ਦਵਿੰਦਰ ਕੁਮਾਰ ਅਤੇ ਸ਼੍ਰੀ ਲਾਲ ਚੰਦ (ਖ) ਹੁਣਾਂ ਤੇ ਘਰ ਵਿਖੇ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਤ੍ਰੀ ਸ਼ਰਣ ਅਤੇ ਪੰਚਸ਼ੀਲ ਨਾਲ ਕੀਤੀ ਗਈ। ਇਹ ਮੀਟਿੰਗ ਸ੍ਰੀ ਤੀਰਥ ਰਾਮ ਜੀ ਪ੍ਰਧਾਨ ਬੋਧੀਸਤਵ ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੋਸਾਇਟੀ ਸ਼ਾਖਾ ਨਕੋਦਰ ਦੀ ਦੇਖ ਰੇਖ ਦੇ ਵਿੱਚ ਕੀਤੀ ਗਈ । ਇਸ ਮੀਟਿੰਗ ਦਾ ਮੁੱਖ ਉਦੇਸ਼ ਮੁਹੱਲਾ ਡਾ. ਅੰਬੇਡਕਰ ਨਗਰ ਵਿਖੇ ਬਣ ਰਹੇ ਸਮਰਾਟ ਅਸ਼ੋਕ ਪਬਲਿਕ ਸਕੂਲ ਦੀਆਂ ਗਤੀਵਿਧੀਆਂ ਨੂੰ ਤੇਜ਼ ਕਰਨਾ, ਬੋਧੀਸਤਵ ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੋਸਾਇਟੀ ਸ਼ਾਖਾ ਨਕੋਦਰ ਦੀ ਮੈਂਬਰਸ਼ਿਪ ਨੂੰ ਵਧਾਉਣਾ, ਕੋਈ ਵੀ ਇਹੋ ਜਿਹੀ ਸਮਗਰੀ ਨੂੰ ਪਬਲਿਸ਼ ਨਾ ਕਰਨਾ ਜਿਸ ਦੀ ਐਜੂਕੇਸ਼ਨ ਸੁਸਾਇਟੀ ਮਨਜ਼ੂਰੀ ਨਾ ਦਿੰਦੀ ਹੋਵੇ ਅਤੇ ਇਸ ਦੇ ਨਾਲ ਨਾਲ ਹੋਰ ਬਹੁਤ ਸਾਰੇ ਵਿਸ਼ਿਆਂ ਦੇ ਉੱਪਰ ਸਾਰੇ ਸਾਥੀਆਂ ਦੇ ਵੱਲੋਂ ਆਪਣੇ ਅਲੱਗ ਅਲੱਗ ਵਿਚਾਰ ਦੱਸੇ ਗਏ।

ਮਿਸਟਰ ਰਾਜਕੁਮਾਰ ਬੌਧ ਦੁਬਾਰਾ ਆਪਣੀ ਗੱਲ ਰੱਖਦੇ ਹੋਏ ਸਕੂਲ ਦੇ ਪੰਪਲੇਟ ਬਣਾ ਕੇ ਸਾਥੀਆਂ ਦੇ ਵਿੱਚ ਡਿਸਟਰੀਬਿਊਟ ਕਰਨਾ ਅਤੇ ਉਹਨਾਂ ਸਾਥੀਆਂ ਨੂੰ ਮਿਲਣਾ ਜੋ ਅੰਬੇਡਕਰ ਮਿਸ਼ਨ ਨਾਲ ਜੁੜੇ ਹੋਏ ਹਨ ਉਹਨਾਂ ਨੂੰ ਮਿਲ ਕੇ ਸਕੂਲ ਦੇ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ । ਮਿਸਟਰ ਨਰਿੰਦਰ ਕੁਮਾਰ ਦੁਆਰਾ ਆਪਣਾ ਸੁਝਾਅ ਦਿੰਦੇ ਹੋਏ ਕਿਹਾ ਕਿ ਸਾਨੂੰ ਬੱਚਿਆਂ ਨੂੰ ਐਜੂਕੇਸ਼ਨ ਦਾ ਢੰਗ ਅਲੱਗ ਰੱਖਣਾ ਹੋਵੇਗਾ ਤਾਂ ਜੋ ਮਾਪੇ ਸਮਰਾਟ ਅਸ਼ੋਕ ਪਬਲਿਕ ਸਕੂਲ ਦੇ ਵਿੱਚ ਆਪਣੇ ਬੱਚਿਆਂ ਨੂੰ ਪੜਾਉਣ ਵਾਸਤੇ ਮਜਬੂਰ ਹੋ ਜਾਣ। ਵਾਈਸ ਪ੍ਰਧਾਨ ਸੁਰਿੰਦਰ ਕੁਮਾਰ ਦੁਆਰਾ ਆਉਣ ਵਾਲੇ ਕੁਝ ਦਿਨਾਂ ਦੇ ਵਿੱਚ ਹੀ ਸਕੂਲ ਦੀ ਜਗ੍ਹਾ ਦੀ ਪੈਮਾਇਸ਼ ਕਰਕੇ ਉਸ ਦਾ ਨਕਸ਼ਾ ਬਣਾਉਣ ਵਾਸਤੇ ਕਿਹਾ ਗਿਆ। ਮਿਸਟਰ ਯੁਗਲ ਕਿਸ਼ੋਰ ਜੀ ਦੁਆਰਾ ਆਪਣਾ ਸੁਝਾ ਦਿੰਦੇ ਹੋਏ ਕਿਹਾ ਕਿ ਸਾਨੂੰ ਗਰੁੱਪ ਵਾਈਜ ਉਹਨਾਂ ਲੋਕਾਂ ਨੂੰ ਮਿਲਣਾ ਚਾਹੀਦਾ ਹੈ ਜੋ ਲੋਕੀ ਐਜੂਕੇਸ਼ਨ ਦੀ ਮਹੱਤਤਾ ਨੂੰ ਸਮਝਦੇ ਹਨ ਤਾਂ ਜੋ ਉਹ ਲੋਕ ਸਾਡੇ ਨਾਲ ਚੱਲ ਸਕਣ।

ਮੀਟਿੰਗ ਦੇ ਵਿੱਚ ਮਿਸਟਰ ਦਿਨੇਸ਼ ਕੁਮਾਰ, ਬਲਦੇਵ ਰਾਜ ਕੈਸ਼ੀਅਰ, ਬਲਦੇਵ ਰਾਜ ਗਿੰਡਾ, ਅਮਰਜੀਤ ਚੰਦਰ, ਸੰਦੀਪ ਕੁਮਾਰ, ਬਲਬੀਰ ਕੁਮਾਰ, ਮਿਸਟਰ ਰੋਸ਼ਨ ਲਾਲ, ਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਹਿੱਸਾ ਲਿਆ। ਇਸ ਮੀਟਿੰਗ ਦੀ ਸ਼ੁਰੂਆਤ ਪਰਸ਼ੋਤਮ ਲਾਲ ਚੰਦਰ ਜਨਰਲ ਸੈਕਟਰੀ ਬੋਧੀਸਤਬ ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੋਸਾਇਟੀ ਸ਼ਾਖਾ ਨਕੋਦਰ ਦੇ ਵੱਲੋਂ ਕੀਤੀ ਗਈ ਅਤੇ ਆਖਿਰ ਦੇ ਵਿੱਚ ਪ੍ਰਧਾਨ ਸ੍ਰੀ ਤੀਰਥ ਰਾਮ ਜੀ ਦੁਆਰਾ ਮੀਟਿੰਗ ਦੇ ਮੁੱਦਿਆਂ ਦੇ ਉੱਪਰ ਵਿਸਥਾਰ ਪੂਰਵਕ ਚਰਚਾ ਕਰਦੇ ਹੋਏ ਸਾਰੇ ਸਾਥੀਆਂ ਨੂੰ ਇਕੱਠੇ ਹੋ ਕੇ ਕੰਮ ਕਰਨ ਦਾ ਸੁਨੇਹਾ ਦਿੱਤਾ। ਇਸ ਮੀਟਿੰਗ ਨੂੰ ਸਤਿਕਾਰਯੋਗ ਦਵਿੰਦਰ ਕੁਮਾਰ ਜੀ (ਖ (ਡਾਇਰੈਕਟਰ ਬੋਧੀਸਤਵ ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੁਸਾਇਟੀ) ਉਹਨਾਂ ਨੇ ਇਸ ਮੀਟਿੰਗ ਨੂੰ ਆਨਲਾਈਨ ਅਟੈਂਡ ਕੀਤਾ ਅਤੇ ਆਪਣੇ ਵਡਮੂਲੇ ਵਿਚਾਰ ਸਾਰੇ ਸਾਥੀਆਂ ਦੇ ਨਾਲ ਸਾਂਝੇ ਕਰਦੇ ਹੋਏ ਕਿਹਾ ਕਿ ਤੁਸੀਂ ਸਾਰੇ ਸਾਥੀ ਮਿਲ ਕੇ ਇਸ ਪ੍ਰੋਜੈਕਟ ਨੂੰ ਇਸ ਦੀ ਮੰਜ਼ਿਲ ਤੇ ਪਹੁੰਚਾਉਣ ਦੇ ਲਈ ਉਪਰਾਲੇ ਕਰੋ ਅਸੀਂ ਹਮੇਸ਼ਾ ਤੁਹਾਡੇ ਨਾਲ ਖੜੇ ਹਾਂ। ਮੀਟਿੰਗ ਦੀ ਸਮਾਪਤੀ ਤੋਂ ਬਾਅਦ ਸਾਰੇ ਮੈਂਬਰਾਂ ਨੇ ਬਣ ਰਹੇ ਸਮਰਾਟ ਅਸ਼ੋਕ ਪਬਲਿਕ ਸਕੂਲ ਦੀ ਜਗ੍ਹਾ ਦਾ ਮੋਇਨ ਨਾ ਕੀਤਾ।

**ਪੁਰਸ਼ੋਤਮ ਲਾਲ ਚੰਦਰ**
**ਜੈ ਭੀਮ**

# ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਬੀਬੀ ਜਸਬੀਰ ਕੌਰ ਦੇ ਦੇਹਾਂਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਐਸੈਕਸ (ਯੂਕੇ):** ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਬੁਲਫ਼ਨ, ਅੱਪਮਿਨਸਟਰ (ਐਸੈਕਸ) ਦੇ ਵਸਨੀਕ ਅਤੇ ਇੰਡੀਅਨ ਵਰਕਰਜ ਐਸੋਸੀਏਸ਼ਨ (ਗ. ਬ.) ਦੇ ਕੇਂਦਰੀ ਕਮੇਟੀ ਮੈਂਬਰ ਕਾਮ-ਰੇਡ ਅਜੀਤ ਸਿੰਘ ਜੱਸੜ ਦੀ ਧਰਮਪਤਨੀ ਬੀਬੀ ਜਸਬੀਰ ਕੌਰ ਦੇ ਦੇਹਾਂਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਬੀਬੀ ਜਸਬੀਰ ਕੌਰ ਦੇ ਅਕਾਲ ਚਲਾਣੇ ਦੀ ਖ਼ਬਰ ਨਾਲ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਦੋਸਤਾਂ ਅਤੇ ਜਾਣੂਆਂ ਵਿੱਚ ਸੋਗ ਦੀ ਲਹਿਰ ਹੈ। ਉਹ ਆਪਣੇ ਨਿੱਘੇ ਸੁਭਾਅ, ਸਾਦਗੀ, ਮਿਲਣਸਾਰਤਾ ਅਤੇ ਪਰਿਵਾਰ ਪ੍ਰਤੀ ਸਮਰਪਣ ਲਈ ਜਾਣੇ ਜਾਂਦੇ ਸਨ। ਉਨ੍ਹਾਂ ਦਾ ਵਿਛੋੜਾ ਪਰਿਵਾਰ ਅਤੇ ਉਨ੍ਹਾਂ ਨੂੰ ਜਾਣਨ ਵਾਲੇ ਹਰ ਵਿਅਕਤੀ ਲਈ ਇੱਕ ਵੱਡਾ ਘਾਟਾ ਹੈ। ਕਾਮਰੇਡ ਅਜੀਤ ਸਿੰਘ ਜੱਸੜ ਅਤੇ ਉਨ੍ਹਾਂ ਦਾ ਪਰਿਵਾਰ ਲੰਬੇ ਸਮੇਂ ਤੋਂ ਸਮਾਜਿਕ, ਭਾਈਚਾਰਕ ਅਤੇ ਪ੍ਰਗਤੀਸ਼ੀਲ ਸਰਗਰਮੀਆਂ ਨਾਲ ਜੁੜਿਆ ਹੋਇਆ ਹੈ ਅਤੇ ਐਸੈਕਸ ਦੀ ਕਮਿਊਨਿਟੀ ਵਿੱਚ ਚੰਗਾ ਸਤਿਕਾਰ ਰੱਖਦਾ ਹੈ। ਇਸ ਮੌਕੇ ’ਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ: “ਬੀਬੀ ਜਸਬੀਰ ਕੌਰ ਜੀ ਦੇ ਦੇਹਾਂਤ ਦੀ ਖ਼ਬਰ




ਸੁਣ ਕੇ ਸਾਨੂੰ ਬਹੁਤ ਦੁੱਖ ਹੋਇਆ ਹੈ। ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਅਸੀਂ ਕਾਮਰੇਡ ਅਜੀਤ ਸਿੰਘ ਜੱਸੜ, ਉਨ੍ਹਾਂ ਦੇ ਪਰਿਵਾਰ ਅਤੇ ਸਾਰੇ ਸਾਕ-ਸੰਬੰਧੀਆਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਾਂ। ਜਸਬੀਰ ਕੌਰ ਜੀ ਨੂੰ ਇੱਕ ਦਿਆਲੂ, ਪਿਆਰ ਕਰਨ ਵਾਲੇ ਅਤੇ ਸਤਿਕਾਰਯੋਗ ਵਿਅਕਤੀ ਵਜੋਂ ਹਮੇਸ਼ਾਂ ਯਾਦ ਕੀਤਾ ਜਾਵੇਗਾ। ਇਸ ਦੁੱਖ ਦੀ ਘੜੀ ਵਿੱਚ ਅਸੀਂ ਸਮੂਹ ਜੱਸੜ ਪਰਿਵਾਰ ਨਾਲ ਖੜ੍ਹੇ ਹਾਂ ਅਤੇ ਉਨ੍ਹਾਂ ਦੇ ਦੁੱਖ ਵਿੱਚ ਸ਼ਰੀਕ ਹਾਂ।”

ਪਰਿਵਾਰ ਵੱਲੋਂ ਜਾਰੀ ਕੀਤੇ ਗਏ ਪ੍ਰੋਗਰਾਮ ਅਨੁਸਾਰ ਅੰਤਿਮ ਦਰਸ਼ਨ ਮੰਗਲਵਾਰ, 23 ਜੂਨ 2026 ਨੂੰ ਸਵੇਰੇ 9:30 ਵਜੇ ਰਾਪੂਲਾ, ਐਲਬਰਟ ਰੋਡ, ਬੁਲਫ਼ਨ, ਅੱਪਮਿਨਸਟਰ, ਐਸੈਕਸ RM14 3SB ਵਿਖੇ ਹੋਣਗੇ।

ਅੰਤਿਮ ਸੰਸਕਾਰ ਸਵੇਰੇ 11:30 ਵਜੇ ਸਾਊਥ ਐਸੈਕਸ ਕ੍ਰੀਮੇਟੋਰੀਅਮ, ਔਕੈਂਡਨ ਰੋਡ, ਕੋਰਬੇਟਸ ਟੇ, ਅੱਪਮਿਨਸਟਰ, ਐਸੈਕਸ RM14 2UY ਵਿਖੇ ਕੀਤਾ ਜਾਵੇਗਾ।

ਇਸ ਤੋਂ ਬਾਅਦ ਸ੍ਰੀ ਸਹਿਜ ਪਾਠ ਦੇ ਭੋਗ ਦੁਪਹਿਰ 1:00 ਵਜੇ ਗੁਰਦੁਆਰਾ ਸਾਹਿਬ, 66 ਮੇਡਸਟੋਨ ਰੋਡ, ਗ੍ਰੇਜ਼, ਐਸੈਕਸ RM17 6NF ਵਿਖੇ ਪਾਏ ਜਾਣਗੇ।

ਪਰਿਵਾਰ ਵੱਲੋਂ ਸਾਰੇ ਰਿਸ਼ਤੇਦਾਰਾਂ, ਮਿੱਤਰਾਂ, ਸਾਥੀਆਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਅੰਤਿਮ ਸ਼ਰਧਾਂਜਲੀ ਭੇਟ ਕਰਨ ਲਈ ਪਹੁੰਚਣ ਦੀ ਅਪੀਲ ਕੀਤੀ ਗਈ ਹੈ।

# ਹੁਸ਼ਿਆਰਪੁਰ ਦੀਆਂ ਕੁੜੀਆਂ ਨੇ ਬਰਨਾਲਾ ਨੂੰ 95 ਦੌੜਾਂ ਨਾਲ ਹਰਾ ਕੇ ਸੀਨੀਅਰ ਵੂਮੈਨ ਕ੍ਰਿਕਟ ਵਿੱਚ ਇਤਿਹਾਸ ਰਚਿਆ: ਡਾ. ਰਮਨ ਘਈ

## ਪੂਜਾ, ਸੁਹਾਨਾ, ਸ਼ਿਵਾਨੀ, ਸੁਰਭੀ, ਅੰਜਲੀ ਤੇ ਧਰੁਵਿਕਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਫਾਈਨਲ ਵਿੱਚ ਕੀਤਾ ਪ੍ਰਵੇਸ਼



**ਹੁਸ਼ਿਆਰਪੁਰ, 18 ਜੂਨ (ਤਰਸੇਮ ਦੀਵਾਨਾ)** - ਪੰਜਾਬ ਕ੍ਰਿਕਟ ਐਸੋਸੀਏਸ਼ਨ ਦੁਆਰਾ ਕਰਵਾਈ ਜਾ ਰਹੀ ਅੰਤਰ ਜ਼ਿਲ੍ਹਾ ਸੀਨੀਅਰ ਵੂਮੈਨ ਕ੍ਰਿਕਟ ਟੂਰਨਾਮੈਂਟ ਦੇ ਸੈਮੀ ਫਾਈਨਲ ਮੈਚ ਵਿੱਚ ਹੁਸ਼ਿਆਰਪੁਰ ਦੀਆਂ ਕੁੜੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹਾ ਬਰਨਾਲਾ ਟੀਮ ਨੂੰ 95 ਦੌੜਾਂ ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕਰਦੇ ਹੋਏ ਇਤਿਹਾਸ ਰਚ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਚ.ਡੀ.ਸੀ.ਏ. ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਬਰਨਾਲਾ ਵਿੱਚ ਖੇਡੇ ਗਏ 50-50 ਓਵਰਾਂ ਦੇ ਇਸ ਸੈਮੀ ਫਾਈਨਲ ਮੈਚ ਵਿੱਚ ਬਰਨਾਲਾ ਦੀ ਟੀਮ ਨੇ ਟਾਸ ਜਿੱਤ ਕੇ ਹੁਸ਼ਿਆਰਪੁਰ ਦੀ ਟੀਮ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ ਅਤੇ ਹੁਸ਼ਿਆਰਪੁਰ ਦੀ ਟੀਮ ਨੇ ਆਪਣੀ ਓਪਨਰ ਖਿਡਾਰੀ ਪੂਜਾ ਦੇਵੀ ਦੇ 77 ਦੌੜਾਂ, ਕਪਤਾਨ ਸੁਹਾਨਾ ਦੇ 42 ਦੌੜਾਂ, ਸ਼ਿਵਾਨੀ ਦੇ 30 ਦੌੜਾਂ ਅਤੇ ਮਨਪ੍ਰੀਤ ਓਲਿਖ ਦੇ ਨਾਬਾਦ 11 ਦੌੜਾਂ ਦੀ ਬਦੌਲਤ 50 ਓਵਰਾਂ ਵਿੱਚ 9 ਵਿਕਟਾਂ ਦੇ ਨੁਕਸਾਨ 'ਤੇ 195 ਦੌੜਾਂ ਬਣਾਈਆਂ। ਬਰਨਾਲਾ ਵੱਲੋਂ ਸ਼ਾਨਦਾਰ ਗੇਂਦਬਾਜ਼ੀ ਕਰਦੇ ਹੋਏ ਮਮਤਾ ਰਾਣੀ ਨੇ 4, ਅਮਰਜੋਤ ਕੌਰ ਨੇ 2, ਅਕਸ਼ਿਤਾ ਭਗਤ ਅਤੇ ਸੁਖਮੀਤ ਕੌਰ ਨੇ ਹੁਸ਼ਿਆਰਪੁਰ ਦੇ 1-1 ਖਿਡਾਰੀ ਨੂੰ ਆਊਟ ਕੀਤਾ। ਉਨ੍ਹਾਂ ਦੱਸਿਆ ਕਿ 50 ਓਵਰਾਂ ਵਿੱਚ ਜਿੱਤ ਲਈ 196 ਦੌੜਾਂ ਦਾ ਟੀਚਾ ਲੈ ਕੇ ਬੱਲੇਬਾਜ਼ੀ ਕਰਨ ਮੈਦਾਨ ਵਿੱਚ ਉਤਰੀ ਬਰਨਾਲਾ ਦੀ ਟੀਮ ਹੁਸ਼ਿਆਰਪੁਰ ਦੀ ਰਾਸ਼ਟਰੀ ਖਿਡਾਰੀ ਸੁਰਭੀ ਅਤੇ ਅੰਜਲੀ ਦੀ ਸ਼ਾਨਦਾਰ ਗੇਂਦਬਾਜ਼ੀ ਅੱਗੇ ਪੂਰੀ ਤਰ੍ਹਾਂ ਬਿਖਰ ਗਈ ਅਤੇ ਸਾਰੀ ਟੀਮ 24.1 ਓਵਰਾਂ ਵਿੱਚ ਸਿਰਫ਼ 100 ਦੌੜਾਂ ਬਣਾ ਕੇ ਹੀ ਆਲ ਆਊਟ ਹੋ ਗਈ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਗੇਂਦਬਾਜ਼ੀ ਕਰਦੇ ਹੋਏ ਸੁਰਭੀ ਨੇ 28 ਦੌੜਾਂ ਦੇ ਕੇ 6 ਵਿਕਟਾਂ, ਅੰਜਲੀ ਸੀਮਰ ਨੇ 22 ਦੌੜਾਂ ਦੇ ਕੇ 2 ਵਿਕਟਾਂ ਅਤੇ ਧਰੁਵਿਕਾ ਸੇਠ ਨੇ 27 ਦੌੜਾਂ ਦੇ ਕੇ ਬਰਨਾਲਾ ਦੇ 2 ਖਿਡਾਰੀਆਂ ਨੂੰ ਆਊਟ ਕੀਤਾ। ਡਾ. ਘਈ ਨੇ ਦੱਸਿਆ ਕਿ ਇਸ ਸੈਮੀਫਾਈਨਲ ਮੈਚ ਵਿੱਚ ਵੱਡੀ ਜਿੱਤ ਨਾਲ ਹੁਸ਼ਿਆਰਪੁਰ ਟੀਮ ਨੇ ਇਤਿਹਾਸ ਰਚਦੇ ਹੋਏ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਦਾ ਫਾਈਨਲ ਮੁਕਾਬਲਾ 21 ਜੂਨ ਨੂੰ ਪਟਿਆਲਾ ਦੇ ਨਾਲ ਪੀ.ਸੀ.ਐਸ. ਸਟੇਡੀਅਮ ਚੰਡੀਗੜ੍ਹ ਵਿੱਚ ਖੇਡਿਆ ਜਾਵੇਗਾ। ਉਨ੍ਹਾਂ ਹੁਸ਼ਿਆਰਪੁਰ ਟੀਮ ਨੂੰ ਫਾਈਨਲ ਵਿੱਚ ਪਹੁੰਚਣ 'ਤੇ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਅੱਗੇ ਵੀ ਚੰਗਾ ਪ੍ਰਦਰਸ਼ਨ ਜਾਰੀ ਰੱਖਦੇ ਹੋਏ ਫਾਈਨਲ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਐਚ.ਡੀ.ਸੀ.ਏ. ਪ੍ਰਧਾਨ ਡਾ. ਦਲਜੀਤ ਖੇਲਾ ਨੇ ਹੁਸ਼ਿਆਰਪੁਰ ਦੀ ਸੀਨੀਅਰ ਮਹਿਲਾ ਕ੍ਰਿਕਟ ਟੀਮ ਦੇ ਫਾਈਨਲ ਵਿੱਚ ਪਹੁੰਚਣ 'ਤੇ ਖੁਸ਼ੀ ਜ਼ਾਹਰ ਕਰਦੇ ਹੋਏ ਟੀਮ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਐਚ.ਡੀ.ਸੀ.ਏ. ਵੱਲੋਂ ਮਹਿਲਾ ਕੋਚ ਦਵਿੰਦਰ ਕੌਰ ਕਲਿਆਣ, ਸਹਾਇਕ ਕੋਚ ਨਿਕਿਤਾ ਕੁਮਾਰੀ ਦੀ ਦੇਖ-ਰੇਖ ਵਿੱਚ ਜਿਸ ਤਰ੍ਹਾਂ ਮਹਿਲਾ ਖਿਡਾਰੀਆਂ ਨੂੰ ਚੰਗੀ ਸਿਖਲਾਈ ਮੁਫ਼ਤ ਵਿੱਚ ਦਿੱਤੀ ਜਾਂਦੀ ਹੈ, ਉਸ ਨਾਲ ਉਨ੍ਹਾਂ ਨੇ ਹੋਰ ਮਹਿਲਾ ਖਿਡਾਰੀਆਂ ਨੂੰ ਵੀ ਕ੍ਰਿਕਟ ਵਿੱਚ ਮਿਹਨਤ ਕਰਕੇ ਹੁਸ਼ਿਆਰਪੁਰ ਦਾ ਨਾਂ ਰੌਸ਼ਨ ਕਰਨ ਦੀ ਅਪੀਲ ਕੀਤੀ। ਹੁਸ਼ਿਆਰਪੁਰ ਟੀਮ ਦੇ ਫਾਈਨਲ ਵਿੱਚ ਪਹੁੰਚਣ 'ਤੇ ਐਚ.ਡੀ.ਸੀ.ਏ. ਜੁਆਇੰਟ ਸਕੱਤਰ ਵਿਵੇਕ ਸਾਨੀ, ਠਾਕੁਰ ਯੋਗਰਾਜ, ਚੇਅਰਮੈਨ ਟੂਰਨਾਮੈਂਟ ਕਮੇਟੀ ਪੰਕਜ ਸ਼ਿਵ, ਸੁਭਾਸ਼ ਸ਼ਰਮਾ, ਜਤਿੰਦਰ ਸੂਦ ਤੋਂ ਇਲਾਵਾ ਸਮੂਹ ਐਸੋਸੀਏਸ਼ਨ ਮੈਂਬਰਾਂ ਨੇ ਟੀਮ ਨੂੰ ਵਧਾਈ ਦਿੱਤੀ। ਹੁਸ਼ਿਆਰਪੁਰ ਦੇ ਫਾਈਨਲ ਵਿੱਚ ਪਹੁੰਚਣ 'ਤੇ ਸੀਨੀਅਰ ਖਿਡਾਰੀ ਅਮਿਤ ਠਾਕੁਰ, ਕਰਨਵੀਰ, ਅਰਜੁਨ ਕੁਮਾਰ, ਸਤਪ੍ਰੀਤ ਸਾਬੀ, ਦਲਜੀਤ ਸਿੰਘ, ਅਤੁਲ ਠਾਕੁਰ ਅਤੇ ਕੋਚ ਤਾਰਾ ਚੰਦ ਆਦਿ ਨੇ ਵੀ ਟੀਮ ਨੂੰ ਵਧਾਈ ਦਿੱਤੀ। ਐਚ.ਡੀ.ਸੀ.ਏ. ਦੇ ਜ਼ਿਲ੍ਹਾ ਕੋਚ ਦਲਜੀਤ ਸਿੰਘ, ਜ਼ਿਲ੍ਹਾ ਟ੍ਰੇਨਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਕੁਲਦੀਪ ਧਾਮੀ, ਪ੍ਰਵੀਨ ਸ਼ਿੰਟੂ, ਕੋਚ ਅਸ਼ੋਕ ਕੁਮਾਰ, ਕੋਚ ਦਿਨੇਸ਼ ਸ਼ਰਮਾ, ਕੋਚ ਪੰਕਜ ਪਿੰਕਾ ਅਤੇ ਗਰਾਊਂਡਮੈਨ ਸੋਢੀ ਰਾਮ ਨੇ ਟੀਮ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਫਾਈਨਲ ਮੈਚ ਲਈ ਸ਼ੁਭਕਾਮਨਾਵਾਂ ਦਿੱਤੀਆਂ। ਹੁਸ਼ਿਆਰਪੁਰ ਦੇ ਫਾਈਨਲ ਵਿੱਚ ਪਹੁੰਚਣ 'ਤੇ ਪ੍ਰਧਾਨ ਦਲਜੀਤ ਖੇਲਾ ਨੇ ਕਿਹਾ ਕਿ ਐਚ.ਡੀ.ਸੀ.ਏ. ਵੱਲੋਂ ਜਲਦ ਹੀ ਇੱਕ ਸਮਾਰੋਹ ਕਰਕੇ ਹੁਸ਼ਿਆਰਪੁਰ ਦੀ ਸੀਨੀਅਰ ਵੂਮੈਨ ਟੀਮ, ਅੰਡਰ-16 ਲੜਕਿਆਂ ਦੀ ਟੀਮ ਅਤੇ ਅੰਡਰ-15 ਲੜਕੀਆਂ ਦੀ ਟੀਮ ਦੁਆਰਾ ਪੀ.ਸੀ.ਏ. ਦੁਆਰਾ ਕਰਵਾਏ ਜਾ ਰਹੇ ਇੰਟਰ-ਡਿਸਟ੍ਰਿਕਟ ਟੂਰਨਾਮੈਂਟ ਵਿੱਚ ਚੰਗਾ ਪ੍ਰਦਰਸ਼ਨ ਕਰਨ ਲਈ ਵਿਸ਼ੇਸ਼ ਸਥਾਨ ਹਾਸਲ ਕਰਨ 'ਤੇ ਸਨਮਾਨਿਤ ਕੀਤਾ ਜਾਵੇਗਾ। ਐਚ.ਡੀ.ਸੀ.ਏ. ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਸੈਮੀਫਾਈਨਲ ਮੈਚ ਵਿੱਚ ਪੀ.ਸੀ.ਏ. ਦੇ ਸਾਰੇ ਮਹਿਲਾ ਸਲੈਕਟਰ ਮੌਜੂਦ ਰਹੇ।

**ਫੋਟੋ ਅਜਮੇਰ ਦੀਵਾਨਾ**

# ਪਿੰਡ ਬਖੋਪੀਰ ਵਿਖੇ 18ਵੇਂ ਦਿਨ ਵਿੱਚ ਪ੍ਰਵੇਸ਼ ਕੀਤੇ ਸਮਰ ਕੈਂਪ ਵਿੱਚ ਨਵਕਿਰਨ ਖੱਟੜਾ ਸਰ ਪਹੁੰਚੇ ਬੱਚਿਆਂ ਅਤੇ ਕੋਚ ਕੁਲਵੰਤ ਸਿੰਘ ਦਾ ਹੌਂਸਲਾ ਵਧਾਉਣ ਲਈ





**(ਸਮਾਜ ਵੀਕਲੀ)** ਸੰਦੀਪ ਸਿੰਘ ਬਖੋਪੀਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚ ਗਰਮੀ ਦੀਆਂ ਛੁੱਟੀਆਂ ਦੇ ਚਲਦਿਆਂ ਬੱਚਿਆਂ ਨੂੰ ਨਸ਼ਿਆਂ ਦੀ ਲਾਹਣਤ ਤੋਂ ਦੂਰ ਰੱਖਣ ਲਗਭਗ 80 ਦੇ ਕਰੀਬ ਲੜਕੇ ਅਤੇ ਲੜਕੀਆਂ ਦਾ ਪਿੰਡ ਦੇ ਹੀ ਰਿਟਾਇਰਡ ਫੌਜੀ ਸਰਦਾਰ ਕੁਲਵੰਤ ਸਿੰਘ ਵੱਲੋਂ ਪਿਛਲੇ 18 ਦਿਨਾਂ ਤੋਂ ਇੱਕ ਸਮਰ ਕੈਂਪ ਲਗਾਇਆ ਜਾ ਰਿਹਾ ਹੈ ।ਜਿਸ ਵਿੱਚ ਬੱਚਿਆਂ ਨੂੰ ਸਵੇਰ ਵੇਲੇ ਬਾਰਮ ਅੱਪ ਕਰਵਾ ਕੇ ਚੰਗੀਆਂ ਐਕਸਰਸਾਈਜ਼ ਕਰਵਾ ਕੇ ਫਿਜ਼ੀਕਲੀ ਫਿੱਟ ਕੀਤਾ ਜਾਂਦਾ ਹੈ। ਇਸ ਕੈਂਪ ਵਿੱਚ ਬੱਚਿਆਂ ਨੂੰ ਫੌਜ ਅਤੇ ਪੰਜਾਬ ਪੁਲਿਸ ਦੀ ਤਿਆਰੀ ਦੇ ਨਾਲ-ਨਾਲ ਫ਼ੁੱਟਬਾਲ,ਐਥਲੈਟਿਕਸ ਅਤੇ ਵੱਖ ਵੱਖ ਹੋਰ ਖੇਡਾਂ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ।ਹਰ ਰੋਜ਼ ਬੱਚੇ ਯੋਗਾ ਵੀ ਕਰਦੇ ਹਨ, ਐਤਵਾਰ ਵਾਲੇ ਦਿਨ ਬੱਚੇ ਪੰਜ ਕਿਲੋਮੀਟਰ ਦੀ ਕ੍ਰਾਸ-ਕੰਟਰੀ ਵੀ ਲਗਾਉਂਦੇ ਹਨ। ਅੱਜ ਸਕੂਲ ਦੇ ਫਿਜ਼ੀਕਲ ਐਜੂਕੇਸ਼ਨ ਦੇ ਲੈਕਚਰਾਰ ਸਰਦਾਰ ਨਵਕਿਰਨ ਕੱਟੜਾ ਜੀ ਉਚੇਚੇ ਤੌਰ ਤੇ ਵਿਦਿਆਰਥੀਆਂ ਨੂੰ ਮਿਲਣ ਲਈ ਪਹੁੰਚੇ ਅਤੇ ਵਿਦਿਆਰਥੀਆਂ ਲਈ ਉਹਨਾਂ ਵੱਲੋਂ ਤੇ ਰਿਫਰੈਸ਼ਮੈਂਟ ਵੀ ਲਿਆਂਦੀ ਗਈ ਮੌਕੇ ਹੀ ਪਿੰਡ ਦੀ ਬੇਟੀ ਸੰਦੀਪ ਕੌਰ ਦੇ ਪਤੀ ਸਰਦਾਰ ਜਤਿੰਦਰ ਸਿੰਘ ਜੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਬੱਚਿਆਂ ਨੂੰ ਡਰਾਈ ਫਰੂਟ ਵੀ ਵੰਡੇ ਗਏ ਮੌਕੇ ਉੱਤੇ ਪਿੰਡ ਦੇ ਡੀ.ਪੀ ਅਧਿਆਪਕ ਗੁਰਦੀਪ ਸਿੰਘ ਪੰਜਾਬੀ ਅਧਿਆਪਕ ਸੰਦੀਪ ਸਿੰਘ ਏ.ਐੱਸ.ਆਈ ਜਸਵਿੰਦਰ ਸਿੰਘ ਜੀ ਉਚੇਚੇ ਤੌਰ ਤੇ ਮੌਜੂਦ ਸਨ, ਆਏ ਮਹਿਮਾਨ ਸਾਹਿਬਾਨ ਵੱਲੋਂ ਬੱਚਿਆਂ ਨੂੰ ਵੱਖ-ਵੱਖ ਫਿਜ਼ੀਕਲ ਐਜੂਕੇਸ਼ਨ ਦੀਆਂ ਐਕਸਰਸਾਈਜ਼ਾਂ ਬਾਰੇ ਜਾਣਕਾਰੀ ਦਿੱਤੀ ਗਈ ਤੇ ਬੱਚਿਆਂ ਦਾ ਹੌਸਲਾ ਵਧਾਇਆ ਗਿਆ ਅਤੇ ਭਵਿੱਖ ਵਿੱਚ ਇਸ ਮਿਸ਼ਨ ਨੂੰ ਇਸੇ ਤਰ੍ਹਾਂ ਜਾਰੀ ਰੱਖਣ ਲਈ ਹਰ ਤਰ੍ਹਾਂ ਦੀ ਮਦਦ ਅਤੇ ਸਹਿਯੋਗ ਦੇਣ ਦਾ ਵਿਸ਼ਵਾਸ ਦਵਾਇਆ।

# ਪੰਜਾਬ ਦੇ ਲੋਕਾਂ ਦਾ ਅਸਲ ਮੁੱਦਿਆਂ ਤੇ ਹੀ ਕੇਂਦਰਿਤ ਰਹਿਣ ਰਾਜਨੀਤਿਕ ਧਿਰਾਂ: ਕਰਨ ਸਿੰਘ ਰਾਣਾ

## ਧਰਮ ਅਤੇ ਰਾਜਨੀਤੀ ਨੂੰ ਰਲੇਵੇਂ ਕਰਨਾ ਪੰਜਾਬ ਲਈ ਹੋਵੇਗਾ ਅਤੀ ਹਾਨੀਕਾਰਕ

**ਬਲਾਚੌਰ 18 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਦੀ ਧਰਤੀ ਨੂੰ ਗੁਰੂਆਂ, ਪੀਰਾਂ ਅਤੇ ਫਕੀਰਾਂ ਦਾ ਆਸ਼ੀਰਵਾਦ ਪ੍ਰਾਪਤ ਹੈ ਇਸ ਕਰਕੇ ਕੋਈ ਵੀ ਮਾਨ-ਵਤਾ ਵਿਰੋਧੀ ਸਾਜਿਸ਼ ਪੰਜਾਬੀਆਂ ਵਿੱਚ ਮੌਜੂਦ ਭਾਈਚਾਰਕ ਸਾਂਝ ਨੂੰ ਨਹੀਂ ਤੋੜ ਸਕ ਦੀ । ਅੱਜ ਇੱਥੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮਨ ਚ ਪੰਜਾਬ ਨੇ ਕੀਤਾ । ਉਨਾਂ ਕਿਹਾ ਕਿ ਹਾਕਮ ਧਿਰਾਂ ਨਾਲ ਸਬੰਧਤ ਰਾਜਨੀਤਕ ਪਾਰਟੀਆਂ ਦੇ ਆਗੂ ਪੰਜਾਬ ਦੇ ਲੋਕਾਂ ਦੇ ਅਸਲ ਮੁੱਦਿਆਂ ਤੇ ਕੋਈ ਵੀ ਅੰਦੋਲਨ ਨਹੀਂ ਚਲਾ ਸਕੇ ਇਸ ਲਈ ਇਹਨਾਂ ਧਿਰਾਂ ਦੀ ਪੂਰੀ ਕੋਸ਼ਿਸ਼ ਹੈ ਕਿ ਲੋਕਾਂ ਦੇ ਅਸਲ ਮੁੱਦਿਆਂ ਤੇ ਪਰਦਾ ਪਾ ਕੇ ਗੈਰ ਜਰੂਰੀ ਮੁੱਦੇ ਉਠਾ ਕੇ ਲੋਕਾ ਨੂੰ ਭੰਬਲ ਭੂਸਾ ਪੈਦਾ ਕੀਤਾ ਜਾਵੇ । ਇਹਨਾਂ ਧਿਰਾਂ ਦੀ ਇਹ ਵੀ ਕੋਸ਼ਿਸ਼ ਹੈ ਕਿ ਧਰਮ ਅਤੇ ਰਾਜਨੀਤੀ ਨੂੰ ਰਲੇਵਾ ਕਰਕੇ ਗੈਰ



ਜਰੂਰੀ ਮੁੱਦਿਆਂ ਤੇ ਵਿਚਾਰ ਚਰਚਾ ਕਰਵਾਈ ਜਾਵੇ ਤਾਂ ਕਿ ਅਸਲ ਮੁੱਦੇ ਲੋਕਾਂ ਦੇ ਕੇਂਦਰ ਤੋਂ ਦੂਰ ਹੋ ਜਾਣ । ਉਨਾਂ ਕਿਹਾ ਕਿ ਅਸਲ ਮੁੱਦੇ ਤਾਂ ਰੋਜਗਾਰ, ਮਹਿੰਗਾਈ, ਭ੍ਰਿਸ਼ਟਾਚਾਰ, ਮਾਰੂ ਨਸ਼ੇ, ਅਮਨ ਕਾਨੂੰਨ, ਸਨਮਾਨ ਜਨਕ ਜੀਵਨ, ਹਰ ਤਰ੍ਹਾਂ ਦੇ ਜਬਰ ਨੂੰ ਰੋਕਣਾ, ਪੰਜਾਬ ਲਈ ਵੱਧ ਅਧਿਕਾਰ, ਸਰਕਾਰੀ ਵਿਦਿਆ ਅਤੇ ਇਲਾਜ ਹਨ । ਪਰ ਹਾਕਮ ਧਿਰਾਂ ਇਹਨਾਂ ਮੁੱਦਿਆਂ ਤੇ ਪਰਦਾ ਪਾ ਕੇ ਬੇਲੋੜੇ ਮੁੱਦੇ ਉਭਾਰ ਰਹੀਆਂ ਹਨ । ਸਥਾਨਕ ਮੁੱਦਿਆਂ ਵਿੱਚ ਗੈਰ ਕਾਨੂੰਨੀ ਮਾਈਨਿੰਗ, ਚੁਸਤ ਦਰੁਸਤ ਸਰਕਾਰੀ ਇਲਾਜ ਦਾ ਪ੍ਰਬੰਧ, ਫੈਕਟਰੀਆਂ ਵੱਲੋਂ ਪੈਦਾ ਕੀਤਾ ਜਾ ਰਿਹਾ ਹਵਾ ਪਾਣੀ ਦਾ ਪ੍ਰਦੂਸ਼ਣ ਅਤੇ ਸਮਾਜਿਕ ਜਬਰ ਤੇ ਪੁਲਿਸ ਜਬਰ ਹਨ ।

ਸਾਥੀ ਰਾਣਾ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਰਾਜਨੀਤਕ ਧਿਰਾਂ ਨੂੰ ਅਸਲ ਮੁਦਿਆਂ ਤੇ ਆਪਣਾ ਧਿਆਨ ਕੇਂਦਰਿਤ ਕਰਨ ਲਈ ਜੋਰ ਪਾਉਣ । ਇਨਸਾਫ ਪਸੰਦ ਲੋਕ ਅਤੇ ਜਥੇਬੰਦੀਆਂ ਸਥਾਨਕ ਮਸਲਿਆਂ ਨੂੰ ਵੀ ਉਜਾਗਰ ਕਰਨ ਅਤੇ ਇਹਨਾਂ ਮਸਲਿਆਂ ਤੇ ਲੋਕ ਸੰਘਰਸ਼ ਜਥੇ ਬੰਦ ਕੀਤੇ ਜਾਣ ਤਾਂ ਕਿ ਰਾਜਨੀਤਿਕ ਧਿਰਾਂ ਵੀ ਲੋਕਾਂ ਦੇ ਅਸਲ ਮੁੱਦਿਆਂ ਤੇ ਹੀ ਧਿਆਨ ਦੇਣ । ਇਸ ਮੌਕੇ ਉਨਾਂ ਨਾਲ ਕਿਸਾਨ ਆਗੂ ਹਰਪਾਲ ਸਿੰਘ ਮੱਕੋਵਾਲ, ਗੁਰਮੁਖ ਸਿੰਘ, ਜਸਪ੍ਰੀਤ ਬਾਜਵਾ ਐਡਵੋਕੇਟ, ਕਿਸਾਨ ਆਗੂ ਕਰਨੈਲ ਸਿੰਘ ਭੱਲਾ ਅਤੇ ਚਰਨਜੀਤ ਸਿੰਘ ਵੀ ਹਾਜ਼ਰ ਸਨ।

# ਪਿੰਡ ਬਖੋਪੀਰ ਵਿਖੇ ਲਗਾਈ ਗਈ ਛਬੀਲ ਅਤੇ ਰੱਖਿਆ ਗਿਆ ਗੁਰੂ ਘਰ ਲਈ ਇੱਕ ਨਵੇਂ ਕਮਰੇ ਦਾ ਨੀਂਹ ਪੱਥਰ

ਸੰਦੀਪ ਸਿੰਘ ਬਖੋਪੀਰ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਬੀਤੇ ਦਿਨੀਂ ਪਿੰਡ ਬਖੋਪੀਰ ਵਿਖੇ ਪਾਲਇੰਡਸਟਰੀ ਦੇ ਓਨਰ ਜਗਪਾਲ ਸਿੰਘ ਅਤੇ ਸਮੁੱਚੇ ਕਰਮਚਾਰੀਆਂ ਵੱਲੋਂ ਪਿੰਡ ਬਖੋਪੀਰ ਵਿਖੇ ਪਾਲ ਇੰਡਸਟਰੀ ਦੇ ਨਾਂ ਤੇ ਬਣੀ ਫੈਕਟਰੀ ਦੇ ਮੁੱਖ ਗੇਟ ਤੇ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ ਅਤੇ ਸੰਗਤਾਂ ਲਈ ਚਣਿਆਂ ਦਾ ਲੰਗਰ ਵੀ ਲਗਾਇਆ ਗਿਆ ਜਿਸ ਵਿੱਚ ਸਾਬਕਾ ਸਰਪੰਚ ਕੁਲਵੰਤ ਸਿੰਘ, ਭਾਰਤੀ ਕਿਸਾਨ ਯੂਨੀਅਨ ਉਗਰਾਂਹਾ ਦੇ ਆਗੂ ਲਾਡੀ ਜੀ ਵੱਲੋਂ ਉਚੇਚੇ ਤੌਰ ਤੇ ਹਾਜ਼ਰੀ ਲਗਵਾਈ ਗਈ, ਮਨਜੀਤ ਸਿੰਘ, ਸਰਨਜੀਤ ਸਿੰਘ, ਵਿੱਕੀ ਸਿੰਘ, ਗੁਰਜੰਟ ਸਿੰਘ, ਗੁਰਸੇਵਕ ਸਿੰਘ, ਪੰਮਾ ਸਿੰਘ, ਰਾਜੂ ਸਿੰਘ ਨੇ ਖੂਬ ਸੇਵਾ ਕੀਤੀ, ਇਸੇ ਦਿਨ ਹੀ ਪਿੰਡ ਦੇ ਜੰਮਪਲ ਸਰਦਾਰ ਇੰਦਰਜੀਤ ਸਿੰਘ ਜੀ ਰਾਜਾ ਜੀ.ਐਮ ਇੰਡਸਟ੍ਰੀਜ ਡਿਪਾਰਟਮੈਂਟ ਜੋ ਕਿ ਅੱਜ ਕੱਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਹਿ ਰਹੇ ਹਨ । ਉਹਨਾਂ ਵੱਲੋਂ ਆਪਣੇ ਸਵਰਗਵਾਸੀ ਪਿਤਾ ਸਰਦਾਰ ਹਰਪਾਲ





ਸਿੰਘ ਦੰਦੀਵਾਲ ਜੀ ਦੀ ਯਾਦ ਵਿੱਚ ਪਿੰਡ ਦੇ ਗੁਰੂ ਘਰ ਲਈ ਇੱਕ ਕਮਰੇ ਦੀ ਉਸਾਰੀ ਲਈ ਸਮੁੱਚਾ ਖਰਚਾ ਕਰਨ ਦੀ ਸੇਵਾ ਲਈ ਗਈ, ਅਤੇ ਨਿਰਮਾਣ ਕਾਰਜਾਂ ਦਾ ਨੀ ਪੱਥਰ ਰੱਖਿਆ ਗਿਆ, ਮੌਕੇ ਉੱਤੇ ਸਾਬਕਾ ਸਰਪੰਚ ਕੁਲਵੰਤ ਸਿੰਘ ਜੀ ਕੋਆਪਰੇਟਿਵ ਸੁਸਾਇਟੀ ਦੇ ਪ੍ਰਧਾਨ ਲਖਵੀਰ ਸਿੰਘ ਜੀ ਗੁਰਸ਼ਰਨ ਸਿੰਘ ਗੁਰਜੰਟ ਸਿੰਘ ਸਰਦਾਰ ਛੋਟਾ ਸਿੰਘ ਜੀਤ ਸਿੰਘ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਸਰਦਾਰ ਦਰਸ਼ਨ ਸਿੰਘ ਜੀ ਉਚੇਚੇ ਤੌਰ ਦੇ ਮੌਜੂਦ ਸਨ। ਨਗਰ ਦੀ ਸਮੁੱਚੀ ਸੰਗਤ ਵੱਲੋਂ ਸਰਦਾਰ ਇੰਦਰਜੀਤ ਸਿੰਘ ਦੰਦੀਵਾਲ ਜੀ ਦਾ ਸਿਰਪਾਓ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਬੇਸਹਾਰਾ ਪਸ਼ੂ ਨੂੰ ਬਚਾਉਂਦਿਆਂ ਕਾਰ ਬੈਕਾਬੂ ਹੋ ਡਿਵਾਈਡਰ ਤੇ ਚੜ੍ਹ ਕੇ ਪਲਟ ਗਈ

## ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ, ਜਾਨੀ ਨੁਕਸਾਨ ਦਾ ਬਚਾਅ

**ਨਵਾਂਸ਼ਹਿਰ /ਕਾਠਗੜ੍ਹ 18 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਪਿੰਡ ਤਾਜੋਵਾਲ ਕੋਲ ਨੇ ਨੇੜੇ ਸੈਣੀ ਢਾਬੇ ਕੋਲ ਐਕਸੀਡੈਂਟ ਹੋਣ ਦਾ ਸਮਾ-ਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ 112 ਤੋਂ ਸੂਚਨਾ ਪ੍ਰਾਪਤ ਹੋਈ ਸੀ ਕਿ

ਤੋ ਸੂਚਨਾ ਮਿਲੀ ਕੇ ਤਾਜੋਵਾਲ ਸੈਣੀ ਢਾਬੇ ਦੇ ਕਰੀਬ ਐਕਸੀਡੈਂਟ ਹੋਇਆ ਹੈ ਤੇ ਮੌਕੇ ਪਰ ਜਾ ਕੇ ਦੇਖਿਆ ਕਿ ਇੱਕ ਮਾਰੂਤੀ ਕਾਰ ਜਿਸ ਦਾ ਨੰਬਰ ਪੀ ਬੀ 07 ਕਿਉ 1448ਜਿਸਨੂੰ ਕਿ ਬੀਰੂ ਪੁੱਤਰ ਵਿਨੋਦ ਵਾਸੀ ਸੈਲਾ ਖੁਰਦ ਚਲਾ ਰਿਹਾ ਸੀ ਤੇ ਉਸਦੇ ਨਾਲ ਉਸਦਾ ਸਾਥੀ ਅਸ਼ੀਸ਼ ਪੁੱਤਰ ਜੀਵਨ ਵਾਸੀ ਬਲਾਚੌਰ ਸੀ ਜੋ ਕੇ ਕਾਰ ਵਿੱਚ ਬੈਠਾ ਸੀ ਇਹ ਕਾਰ ਬਲਾਚੌਰ ਤੋਂ ਰੋਪੜ੍ਹ ਵੱਲ ਜਾ ਰਹੀ ਸੀ ਜਦੋਂ ਇਹ ਤਾਜੋਵਾਲ ਨੇੜੇ ਸੈਣੀ ਢਾਬੇ ਦੇ ਕੋਲ ਪਹੁੰਚੀ ਤਾਂ ਅਚਾਨਕ ਕਾਰ ਅੱਗੇ ਇੱਕ ਬੇਸਹਾਰਾ ਪਸ਼ੂ ਆ ਗਿਆ ਜਿਸ ਨੂੰ ਬਚਾਉਣ ਲਈ ਕਾਰ ਚਾਲਕ ਨੇ ਬ੍ਰੇਕ ਮਾਰੀ ਤਾਂ ਕਾਰ ਦਾ ਸਤੁੰਨਲ ਵਿਗੜ ਜਿਸ ਨਾਲ ਕਾਰ ਬੈਕਾਬੂ ਹੋ ਕੇ ਡਿਵਾਈਡਰ ਤੇ ਚੜ੍ਹ ਕੇ ਪਲਟ ਗਈ ਜਿਸ ਵਿਚ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਕਾਰ ਦਾ



ਡਰਾਇਵਰ ਜਖ਼ਮੀ ਹੋ ਗਿਆ ਅਤੇ ਉਸ ਦੇ ਨਾਲ ਬੈਠਾ ਉਸ ਦਾ ਸਾਥੀ ਦਾ ਵਾਲ ਵਾਲ ਬਚਾਅ ਹੋ ਗਿਆ । ਕਾਰ ਸਵਾਰਾਂ ਨੂੰ ਐਸ ਐਸ ਐਫ ਦੀ ਟੀਮ ਵਲੋਂ ਫਸਟਏਡ ਦਿੱਤਾ ਗਿਆ । ਐਸ ਐਸ ਐਫ ਟੀਮ




ਵਲੋਂ ਕਾਰ ਨੂੰ ਸਾਇਡ ਤੇ ਲਗਵਾ ਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ ਗਿਆ ਗਈ ਤੇ ਰੋਡ ਕਲੀਅਰ ਕਰਵਾਇਆ ਗਿਆ । ਐਸ ਐਸ ਐਫ ਦੀ ਟੀਮ ਵਲੋਂ ਹਾਦਸੇ ਸਬੰਧੀ ਕੰਟ੍ਰੋਲਰ ਰੂਮ ਨਵਾਂਸ਼ਹਿਰ ਅਤੇ ਥਾਣਾ ਕਾਠਗੜ੍ਹ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# ਖੁਸ਼ਨੁਮਾ ਜ਼ਿੰਦਗੀ .... ( ਭਾਗ 3 )

1. ਨਹਾਉਣਾ , ਭੋਜਨ ਗ੍ਰਹਿਣ ਕਰਨਾ ਤੇ ਵਿੱਦਿਆ ਗ੍ਰਹਿਣ ਕਰਨਾ ਇਹਨਾਂ ਕੰਮਾਂ ਦਾ ਜਿੱਥੋਂ ਤੱਕ ਹੋ ਸਕੇ ਲੋਕ - ਦਿਖਾਵਾ/ਪ੍ਰਗਟਾਵਾ ਨਹੀਂ ਕਰਨਾ ਚਾਹੀਦਾ।

2. ਆਪਣੇ ਬੁਰੇ ਵਖਤ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ।

3. ਜਿੱਥੇ ਕਦਰ ਨਾ ਹੋਵੇ , ਉੱਥੇ ਜਾਓ ਨਾ , ਜੋ ਹੰਕਾਰ ਨਾ਼ਲ ਭਰਿਆ ਹੋਵੇ , ਉਸਨੂੰ ਬਹੁਤਾ ਬੁਲਾਓ ਨਾ।

4. ਭੋਜਨ ਲੋੜ ਤੋਂ ਥੋੜ੍ਹਾ ਘੱਟ ਗ੍ਰਹਿਣ ਕਰਨਾ ਚਾਹੀਦਾ ਹੈ।

5. ਸੋਸ਼ਲ - ਮੀਡਿਆ 'ਤੇ ਦਿਖਾਈ ਦੇਣ ਵਾ਼ਲੇ ਅਣਜਾਣ ਸਲਾਹਕਾਰਾਂ ਅਤੇ ਵੈਦਾਂ / ਡਾਕਟਰਾਂ 'ਤੇ ਯਕੀਨ ਕਰਨ ਤੋਂ ਪਹਿਲਾਂ ਇਨ੍ਹਾਂ ਦੀਆਂ ਗੱਲਾਂ ਦੀ ਸਹੀ ਤੌਰ 'ਤੇ ਪਹਿਲਾਂ ਪੁਸ਼ਟੀ ਜ਼ਰੂਰ ਕਰ ਲੈਣੀ ਚਾਹੀਦੀ ਹੈ।

6. ਮਾੜੇ ਇਨਸਾਨ ਤੋਂ ਹਮੇਸ਼ਾ ਦੂਰ ਰਹਿਣ ਦੀ ਕੋਸ਼ਿਸ਼ ਕਰੋ।

7. ਸ਼ੇਵਿੰਗ ਜਾਂ ਕਟਿੰਗ ਕਰਵਾਉਣ ਲਈ ਨਾਈ ਕੋ਼ਲ ਜਾਣ ਸਮੇਂ ਆਪਣੇ ਲਈ ਬਲੇਡ ਵੱਖਰਾ ਜਾਂ ਘਰ ਤੋਂ ਲੈ ਕੇ ਜਾਓ।

8. ਬੇਗਾਨੇ ਧਨ ਨੂੰ ਅਪਣਾਉਣ ਦੀ ਕੋਸ਼ਿਸ਼ ਕਦੇ ਨਾ ਕਰੋ। ਇਹ ਸਾਡੇ ਦੁੱਖਾਂ ਦਾ ਮੂਲ ਕਾਰਨ ਬਣਦਾ ਹੈ।

9. ਚਲਾਕ ਬੰਦੇ ਨੂੰ ਆਪਣਾ ਭੇਦ ਕਦੇ ਵੀ ਨਾ ਦਿਓ। ਉਸਨੂੰ ਚਲਾਕੀ ਕਰਨ ਦਿਓ। ਇੱਕ ਦਿਨ ਪਰਮਾਤਮਾ ਉਸਦੀ ਸਾਰੀ ਚਲਾਕੀ ਕੱਢੇਗਾ। ਵਿਸ਼ਵਾਸ ਰੱਖਿਓ।

10. ਕਦੇ ਵੀ ਕਿਸੇ ਦਾ ਵੀ ਮਾੜਾ ਨਾ ਕਰਿਓ। ਪਰਮਾਤਮਾ 'ਤੇ ਸਾਰਾ ਕੁਝ ਛੱਡ ਦਿਓ। ਤੁਹਾਡੇ ਨਾ਼ਲ ਮਾੜਾ ਕਰਨ ਵਾਲੇ ਦਾ ਸਮਾਂ ਆਉਣ 'ਤੇ ਬਹੁਤ ਬੁਰਾ ਹਾਲ ਹੋਵੇਗਾ।

11. ਘਰ ਵਿੱਚ ਲੱਗੇ ਟੈਲੀਵਿਜ਼ਨ ਅਤੇ ਸ਼ੀਸ਼ੇ ਨੂੰ ਕੱਪੜੇ ਨਾ਼ਲ ਹਮੇਸ਼ਾ ਢੱਕ ਕੇ ਰੱਖਣਾ ਚਾਹੀਦਾ ਹੈ।


ਲਗਾਏ ਗਏ ਇੱਕ ਪੌਦੇ ਕੋਲ਼ ਖੜ੍ਹਿਆ ਲੇਖਕ

12. ਸੂਰਜ ਦੇ ਚੜ੍ਹਨ ਤੋਂ ਪਹਿਲਾਂ ਜ਼ਰੂਰ ਉੱਠ ਜਾਣਾ ਚਾਹੀਦਾ ਹੈ।

13. ਆਪਣੇ ਤੋਂ ਵੱਡੀ ਉਮਰ ਦੇ ਵਿਅਕਤੀ ਨੂੰ ਬੁਲਾਉਣਾ ਤੇ ਸਤਿਕਾਰ ਦੇਣਾ ਸਾਡਾ ਫ਼ਰਜ਼ ਬਣਦਾ ਹੈ।

14. ਸਵੇਰੇ ਉੱਠ ਕੇ ਮਾਤਾ - ਪਿਤਾ ਦੇ ਚਰਨ ਸਪਰਸ਼ ਕਰਕੇ ਪ੍ਰਣਾਮ ਕਰਨਾ ਚਾਹੀਦਾ ਹੈ। ਇਹ ਜੀਵਨ ਵਿੱਚ ਸਫਲ ਹੋਣ ਦਾ ਬਹੁਤ ਵੱਡਾ ਮੰਤਰ ਹੈ।

15. ਕਦੇ ਵੀ ਆਪਣੇ ਮਾਪਿਆਂ ਅਤੇ ਅਧਿਆਪਕਾਂ ਦੀ ਦੱਸੀ ਸਿੱਖਿਆ ਦੀ ਵਿਰੋਧਤਾ/ਮੁਖਾਲ਼ਫਤ ਨਹੀਂ ਕਰਨੀ ਚਾਹੀਦੀ ।ਅਜਿਹਾ ਕਰਨ ਵਾ਼ਲਾ ਇਨਸਾਨ ਬਾਅਦ ਵਿੱਚ ਬਹੁਤ ਪਛਤਾਉਂਦਾ ਹੈ।

**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**ਇੰਡੀਆ ਬੁੱਕ ਆੱਫ਼ ਰਿਕਾਰਡਜ਼ ਹੋਲਡਰ**
**ਸ਼੍ਰੀ ਅਨੰਦਪੁਰ ਸਾਹਿਬ**
**9478561356**


# ਪੁਸਤਕਾਂ ਦੀ ਐਡਵਰਟਾਈਜ਼ਮੈਂਟ

## ਗਿਆਨ ਅਤੇ ਦਾਨ ਨਾਲ-ਨਾਲ






















**ਹਾਸ-ਵਿਅੰਗ ਲੇਖਕ ਭਗਵਾਨ ਸਿੰਘ ਤੱਗੜ ਦੀਆਂ ਪੁਸਤਕਾਂ ਖਰੀਦਣ ਲਈ ਈ-ਮੇਲ ਰਾਹੀਂ ਜਾਂ ਫੋਨ ਰਾਹੀਂ ਸੰਪਰਕ ਕਰੋ ਜੀ, ਪੰਜਾਬੀ ਅਤੇ ਹਿੰਦੀ ਪੁਸਤਕਾਂ ਦੀ ਕੀਮਤ £5 +ਡਾਕ ਖਰਚ ਅਤੇ ਇੰਗਲਿਸ਼ ਨਾਵਲ £7+ਡਾਕ ਖਰਚ। ਇਹ ਪੁਸਤਕਾਂ ਦਾ ਪੈਸਾ ਕੈਂਸਰ ਅਤੇ ਅੱਖਾਂ ਦੀ ਚੇਰੀਟੀ ਨੂੰ ਭੇਜਿਆ ਜਵੇਗਾ।**

| | | |
|---|---|---|
| ਭਿਖਾਰੀ ਯੂਨੀਅਨ | ਪੰਜਾਬੀ ਹਾਸ ਵਿਅੰਗ | £5 |
| ਮੂਰਖਾਂ ਦੀ ਮਹਿਫਿਲ | ਪੰਜਾਬੀ ਹਾਸ ਵਿਅੰਗ | £5 |
| ਇਕ ਗਧੇ ਨਾਲ ਮੁਲਾਕਾਤ | ਪੰਜਾਬੀ ਹਾਸ ਵਿਅੰਗ | £5 |
| ਜਵਾਲਾਮੁਖੀ | ਪੰਜਾਬੀ ਨਾਵਲ | £5 |
| ਫਲੈਟ ਤੋਂ ਫਲੈਟ ਤੱਕ | ਪੰਜਾਬੀ ਕਹਾਨੀ | £5 |
| ਗਾਇਕ ਬੇਸੁਰਾ ਜੀ ਸੇ ਸਾਕਸ਼ਾਤਕਾਰ | ਹਿੰਦੀ ਹਾਸ ਰਸ | £5 |
| ਅਖਿਲ ਭਾਰਤੀਅ ਖਿਚੜੀ ਸੱਮੇਲਨ | ਹਿੰਦੀ ਹਾਸ ਰਸ | £5 |
| ਵੋਲਕੈਨੋ | ਇੰਗਲਿਸ਼ ਸੋਸ਼ਲ ਨਾਵਲ | £7 |
| ਇਰੈਡੀਚੇਸ਼ਨ ਔਫ਼ ਈਵਲ ਨਾਵਲ | ਕਰਾਈਮ ਥਰਿਲਰ | £7 |

# Dr. Ambedkar's Critique of the Manusmriti and Nietzsche's Interpretation

The turning point in Ambedkar’s quest for emancipation - Forward Press






The Manusmriti, also known as the Laws of Manu, is one of the most influential texts associated with the traditional Hindu social order. For centuries it has been regarded by many as a source of guidance on social organization, duties, and moral conduct. However, it has also been one of the most controversial texts in Indian history because of its role in legitimizing caste hierarchy and social inequality. Two prominent modern thinkers who engaged with the Manusmriti were Dr. B.R. Ambedkar and the German philosopher Friedrich Nietzsche. While Nietzsche admired the text for its defence of hierarchy and social order, Ambedkar strongly condemned it as a source of oppression and injustice. Their contrasting interpretations reveal fundamentally different conceptions of society, morality, and human dignity.

Dr. B.R. Ambedkar viewed the Manusmriti as one of the principal ideological foundations of the caste system in India. According to him, the text institutionalized social inequality by assigning individuals a fixed status based on birth rather than merit or achievement. It divided society into rigid categories and denied social mobility to those placed at the lower levels of the hierarchy. Ambedkar argued that the Manusmriti not only justified discrimination against Shudras and so-called "untouchables" but also imposed severe restrictions on women and denied them equal rights and freedoms.

For Ambedkar, caste was not merely a social arrangement but a system of graded inequality that destroyed fraternity and human solidarity. He believed that the Manusmriti provided a religious sanction for this oppressive system and thereby became a major obstacle to the creation of a democratic and egalitarian society. His opposition to the text was so profound that in 1927, during the Mahad Satyagraha, he publicly burned copies of the Manusmriti as a symbolic rejection of caste-based oppression and social exclusion.

**S.R. Darapuri I.P.S.(Retd)**
**National President,**
**All India Peoples Front**
**www.dalitliberation.blogspot.com**
**www.dalitmukti.blogspot.com**
**Mob 919415164845**

Ambedkar's critique was rooted in his commitment to the principles of liberty, equality, and fraternity. He argued that no society could be genuinely democratic if it accepted social hierarchy based on birth. In his view, the values embodied in the Manusmriti were fundamentally incompatible with modern democracy, human rights, and social justice. Consequently, he called for the annihilation of caste and the reconstruction of society on the basis of equality and human dignity.

Friedrich Nietzsche, by contrast, approached the Manusmriti from a very different intellectual perspective. Writing in nineteenth-century Europe, Nietzsche was a fierce critic of Christianity and modern egalitarianism. He believed that societies flourish when they recognize differences in ability, strength, and excellence among individuals. As a result, he was attracted to aspects of the Manusmriti that appeared to affirm hierarchy, rank, and social differentiation.



Nietzsche regarded the Manusmriti as an example of what he considered an aristocratic moral order. He contrasted it favourably with Christianity, which he accused of promoting weakness, conformity, and resentment. In Nietzsche's view, the Manusmriti represented a society that openly acknowledged differences among people and organized itself according to principles of rank and authority. He admired what he perceived as its realism and its rejection of the doctrine of universal equality.

However, Nietzsche's interpretation was largely philosophical and abstract. He was not concerned with the historical experiences of those who suffered under caste discrimination. Rather, he used the Manusmriti as a weapon in his broader critique of Christian morality and democratic egalitarianism. His interest lay in its symbolic value as an alternative model of social organization rather than in its practical consequences for human beings.

Ambedkar strongly disagreed with Nietzsche's admiration for the Manusmriti. He recognized that Nietzsche's concept of the "superman" (Übermensch) shared certain similarities with Manu's celebration of hierarchy. Yet Ambedkar argued that both perspectives ultimately justified social inequality and the domination of some groups over others. For Ambedkar, no theory of society could be morally acceptable if it denied the equal worth and dignity of every human being.

The contrast between Ambedkar and Nietzsche reflects a broader philosophical conflict between equality and hierarchy. Nietzsche feared that equality would suppress excellence and creativity, while Ambedkar believed that hierarchy inevitably produced oppression and denied opportunities to large sections of society. Nietzsche sought a society organized around rank and distinction; Ambedkar sought one founded on justice, freedom, and social inclusion.

In conclusion, the Manusmriti became a point of profound disagreement between Dr. B.R. Ambedkar and Friedrich Nietzsche. Nietzsche admired it as a model of aristocratic social order and a challenge to egalitarian values. Ambedkar, on the other hand, regarded it as a source of caste oppression, social exclusion, and human suffering. Their opposing interpretations continue to influence contemporary debates about caste, democracy, equality, and social justice. Ultimately, the disagreement between Ambedkar and Nietzsche is not merely about an ancient text; it is about two competing visions of human society—one based on hierarchy and privilege, and the other on equality and human dignity.

# ਦੂਸ਼ਣਬਾਜ਼ੀ ਦੀ ਸਿਆਸਤ

ਸਾਡਾ ਦੇਸ਼ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਜਿਸ ਵਿੱਚ ਆਮ ਲੋਕ, ਆਮ ਲੋਕਾਂ ਵਿੱਚੋਂ ,ਆਮ ਵਿਅਕਤੀ ਨੂੰ ਆਗੂ ਚੁਣ ਕੇ ਆਮ ਲੋਕਾਂ ਦੀ ਪ੍ਰਤੀਨਿਧਤਾ ਕਰਨ ਲਈ ਸਰਕਾਰ ਬਣਾਉਂਦੇ ਹਨ। ਆਮ ਲੋਕਾਂ ਵਿੱਚੋਂ ਨੇਤਾ ਜੀ ਇਸ ਕਰਕੇ ਚੁਣੇ ਜਾਂਦੇ ਹਨ ਤਾਂ ਜੋ ਉਹ ਵਿਧਾਨ ਸਭਾ, ਲੋਕ ਸਭਾ ਜਾਂ ਰਾਜ ਸਭਾ ਵਿੱਚ ਆਮ ਲੋਕਾਂ ਦੀਆਂ ਮੁਸ਼ਕਲਾਂ, ਲੋੜਾਂ ਅਤੇ ਮੁੱਦਿਆਂ ਨੂੰ ਸਹਿਜ ਸੁਭਾਅ ਪੇਸ਼ ਕਰ ਸਕਣ। ਸਮਾਜ ਵਿੱਚ ਅਮਨ ਕਾਨੂੰਨ ਦੀ ਸਥਿਤੀ ਪੈਦਾ ਕਰਨ ਲਈ ਉਪਰਾਲੇ ਕੀਤੇ ਜਾਣ, ਲੋਕਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਕਿਵੇਂ ਮੁਹੱਈਆ ਕਰਵਾਏ ਜਾਣ, ਲੋਕਾਂ ਦੀਆਂ ਸੁਖ ਸੁਵਿਧਾਵਾਂ ਦਾ ਧਿਆਨ ਰੱਖਿਆ ਜਾਵੇ, ਅਵਾਜਾਈ ਮਾਰਗਾਂ ਵੱਲ ਧਿਆਨ ਦਿੱਤਾ ਜਾਵੇ ਅਤੇ ਤਰੱਕੀ ਦੇ ਹੋਰ ਬਹੁਤ ਸਾਰੇ ਕੰਮ ਆਮ ਜਨਤਾ ਦੀ ਭਲਾਈ ਲਈ ਕੀਤੇ ਜਾਣ। ਸਾਡੇ ਪੰਜਾਬ ਵਿੱਚ ਸਿਆਸੀ ਲੀਡਰਾਂ ਦੀ ਦੂਸ਼ਣਬਾਜ਼ੀ ਦੀ ਸਿਆਸਤ ਸਰਗਰਮ ਹੈ। ਅੱਜ ਕੱਲ੍ਹ ਸਿਆਸੀ ਬਹਿਸਬਾਜ਼ੀ ਅਤੇ ਬਿਆਨਬਾਜ਼ੀਆਂ ਦਾ ਦੌਰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹੋ ਗਿਆ ਹੈ। ਪਹਿਲਾਂ ਪਹਿਲ ਸਿਆਸੀ ਪਾਰਟੀਆਂ ਘੱਟ ਸਨ ਤੇ ਮੀਡੀਆ ਤੰਤਰ ਸਿਰਫ਼ ਅਖ਼ਬਾਰਾਂ, ਰਸਾਲਿਆਂ ਅਤੇ ਰੇਡੀਓ ਤੱਕ ਸੀਮਤ ਹੋਣ ਕਰਕੇ ਸਿਰਫ਼ ਵੋਟਾਂ ਪੈਣ ਸਮੇਂ ਹੀ ਸਿਆਸੀ ਮਾਹੌਲ ਗਰਮਾਉਂਦਾ ਸੀ। ਪਹਿਲਾਂ ਪਹਿਲ ਦਲ ਬਦਲੂ ਸਿਆਸੀ ਲੀਡਰ ਵੀ ਕੋਈ ਕੋਈ ਹੀ ਪੈਦਾ ਹੁੰਦਾ ਸੀ। ਅੱਜਕਲ੍ਹ ਤਾਂ ਹਰ ਦਿਨ ਹਰ ਘੰਟੇ ਸਿਆਸੀ ਮਾਹੌਲ ਗਰਮਾਇਆ ਹੀ ਰਹਿੰਦਾ ਹੈ। ਦਲ ਬਦਲੂਆਂ ਦੀ ਭਰਮਾਰ ਹੈ। ਜਿਹੜੇ ਪਹਿਲਾਂ ਇੱਕ ਪਾਰਟੀ ਦੇ ਗੀਗੇ ਗਾਉਂਦੇ ਹਨ,ਉਹੀ ਕੁਝ ਘੰਟਿਆਂ ਬਾਅਦ ਕਿਸੇ ਹੋਰ ਪਾਰਟੀ ਦਾ ਲੜ ਫੜ ਕੇ ਉਸੇ ਪਾਰਟੀ ਨੂੰ ਨਿੰਦਦੇ ਨਜ਼ਰ ਆਉਂਦੇ ਹਨ। ਕਈ ਸਿਆਸੀ ਲੀਡਰ ਤਾਂ ਇਹੋ ਜਿਹੇ ਹਨ ਜਿਨ੍ਹਾਂ ਨੇ ਕੋਈ ਪਾਰਟੀ ਬਦਲਣ ਤੋਂ ਛੱਡੀ ਹੀ ਨਹੀਂ। ਆਮ ਲੋਕਾਂ ਨੂੰ ਸਿਆਸੀ ਲੀਡਰਾਂ ਦੀਆਂ ਇੱਕ ਦੂਜੇ ਉੱਤੇ ਕੀਤੀਆਂ ਜਾਣ ਵਾਲੀਆਂ ਟਿੱਪਣੀਆਂ ਜਾਂ ਦੂਸ਼ਣਬਾਜ਼ੀਆਂ ਜਾਂ ਫਿਰ ਬਿਆਨਬਾਜ਼ੀਆਂ ਦਾ ਕੋਈ ਫਾਇਦਾ ਹੈ ਜਾਂ ਫਿਰ ਉਹਨਾਂ ਵੱਲੋਂ ਇੱਕ ਦੂਜੇ ਉੱਤੇ ਨਿਰੇ ਹਵਾਈ ਤੀਰ ਛੱਡ ਕੇ ਆਮ ਜਨਤਾ ਨੂੰ ਉਲਝਾਈ ਰੱਖਣ ਦੀ ਕੋਈ ਚਾਲ ਹੈ ਇਸ ਬਾਰੇ ਚਰਚਾ ਕਰਨੀ ਬਹੁਤ ਜ਼ਰੂਰੀ ਹੈ। ਜਦੋਂ ਲੋਕ ਆਪਣੇ ਵਿੱਚੋਂ ਹੀ ਇੱਕ ਆਮ ਵਿਅਕਤੀ ਨੂੰ ਵੋਟਾਂ ਪਾ ਕੇ ਜਿਤਾ ਕੇ ਤੋਰਦੇ ਹਨ ਤਾਂ ਉਹਨਾਂ ਨੂੰ ਉਸ ਤੋਂ ਬਹੁਤ ਉਮੀਦਾਂ ਹੁੰਦੀਆਂ ਹਨ ਕਿ ਉਹ ਆਪਣੇ ਖੇਤਰ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੋਵੇਗਾ। ਇੱਕ ਲੀਡਰ ਬਣਨ ਤੋਂ ਬਾਅਦ ਉਹੀ ਆਮ ਵਿਅਕਤੀ ਬਹੁਤ ਖ਼ਾਸ ਬਣ ਜਾਂਦਾ ਹੈ। ਉਹੀ ਵਿਅਕਤੀ ਜਿਸ ਨੂੰ ਉਹਨਾਂ ਨੇ ਚੁਣ ਕੇ ਭੇਜਿਆ ਹੁੰਦਾ ਹੈ ,ਉਹੀ ਉਹਨਾਂ ਆਮ ਲੋਕਾਂ ਦੀ ਪਹੁੰਚ ਤੋਂ ਬਹੁਤ ਦੂਰ ਹੋ ਜਾਂਦਾ ਹੈ। ਆਮ ਲੋਕਾਂ ਦੀਆਂ ਮੁਸ਼ਕਲਾਂ,ਕੰਮ ਜਾਂ ਮੁੱਦੇ ਉਵੇਂ ਦੀ ਉਵੇਂ ਹੀ ਰਹਿੰਦੇ ਹਨ । ਸਾਡੇ ਲੀਡਰ ਸਾਹਿਬਾਨਾਂ ਦਾ ਆਪਣੀ ਆਪਣੀ ਪਾਰਟੀ ਦਾ ਅਸਿੱਧੇ ਤੌਰ ਤੇ ਪ੍ਰਚਾਰ ਸ਼ੁਰੂ ਹੋ ਜਾਂਦਾ ਹੈ, ਦੂਜੀਆਂ ਪਾਰਟੀਆਂ 'ਤੇ ਦੂਸ਼ਣਬਾਜ਼ੀਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਆਮ ਲੋਕ ਆਪਣੇ ਸਾਰੇ ਮੁੱਦੇ ਭੁੱਲ ਭੁਲਾ ਕੇ ਮੂਕ ਦਰਸ਼ਕ ਬਣ ਕੇ ਰਹਿ ਜਾਂਦੇ ਹਨ। ਬਹੁਤ ਦੁੱਖ ਦੀ ਗੱਲ ਹੈ ਕਿ ਸਾਡੇ ਸਿਆਸੀ ਲੀਡਰ ਭਾਸ਼ਣਾਂ ਦੌਰਾਨ ਆਪਣੀ ਬੋਲੀ ਦੀ ਮਰਿਆਦਾ ਵੀ ਨਹੀਂ ਰੱਖਦੇ। ਉੱਚ ਅਹੁਦਿਆਂ ਤੇ ਬਿਰਾਜਮਾਨ ਸਿਆਸੀ ਆਗੂ ਦੰਦੀਆਂ ਚਿੜਾਉਂਦੇ,ਮਿਮਿਕਰੀ ਕਰਦੇ, ਚਿੱਕੜ ਸੁੱਟਦੇ ਹੋਏ ਇਸ ਤਰ੍ਹਾਂ ਵਿਚਰਦੇ ਹਨ ਜਿਵੇਂ ਉਹ ਆਮ ਲੋਕਾਂ ਦੀ ਰਹਿਨੁਮਾਈ ਨਾ ਕਰਕੇ ਮਨਪ੍ਰਚਾਵੇ ਦਾ ਸ੍ਰੋਤ ਹੋਣ।

ਸਾਡੇ ਸਿਆਸਤਦਾਨ ਬਹੁਤ ਸਮਝਦਾਰ ਹਨ। ਉਹਨਾਂ ਨੂੰ ਪਤਾ ਹੈ ਕਿ ਅਸੀਂ ਜਨਤਾ ਨੂੰ ਕਿਵੇਂ ਬੇਵਕੂਫ਼ ਬਣਾਉਣਾ ਹੈ।ਸਭ ਤੋਂ ਪਹਿਲਾਂ ਤਾਂ ਉਹਨਾਂ ਨੂੰ ਇਹ ਵੀ ਪਤਾ ਹੈ ਕਿ ਵੋਟਾਂ ਲੈਣ ਵੇਲੇ ਲੋਕਾਂ ਨੂੰ ਕਿਵੇਂ ਭਰਮਾਉਣਾ ਹੈ। ਆਮ ਲੋਕਾਂ ਅੱਗੇ ਸਿਆਸੀ ਬੁਰਕੀਆਂ ਸੁੱਟੀਆਂ ਜਾਂਦੀਆਂ ਹਨ। ਹਰ ਪਾਰਟੀ ਦਾ ਆਪਣਾ ਮੈਨੀਫੈਸਟੋ ਜਾਰੀ ਕੀਤਾ ਜਾਂਦਾ ਹੈ ਜਿਸ ਵਿੱਚ ਲੋਕਾਂ ਨੂੰ ਮੁਫ਼ਤ ਰਾਸ਼ਨ ,ਬਿਜਲੀ ਤੋਂ ਲੈਕੇ ਖਾਤਿਆਂ ਵਿੱਚ ਪੈਸੇ ਪਾਉਣ ਦੇ ਲਾਲਚ ਦਿੱਤੇ ਜਾਂਦੇ ਹਨ। ਸਾਡੇ ਦੇਸ਼ ਵਿੱਚ ਹਜੇ ਤੱਕ ਅਜਿਹਾ ਕੋਈ ਕਾਨੂੰਨ ਨਹੀਂ ਬਣਿਆ ਜਿਸ ਵਿੱਚ ਸਰਕਾਰ ਬਣਾਉਣ ਵਾਲੀਆਂ ਪਾਰਟੀਆਂ ਤੋਂ ਕਾਨੂੰਨੀ ਤੌਰ ਉੱਤੇ ਮੈਨੀਫੈਸਟੋ ਵਿੱਚ ਜਾਰੀ ਕੀਤੇ ਦਾਅਵੇ ਅਤੇ ਵਾਅਦੇ ਸੌ ਪ੍ਰਤੀਸ਼ਤ ਪੂਰੇ ਕਰਵਾਏ ਜਾਣ। ਸੋ ਮੈਨੀਫੈਸਟੋ ਤਾਂ ਸਿੱਧੇ ਤੌਰ ਤੇ ਆਮ ਲੋਕਾਂ ਨਾਲ ਨਿਰਾ ਮਜ਼ਾਕ ਹੀ ਸਾਬਤ ਹੁੰਦਾ ਹੈ। ਅੱਜਕਲ੍ਹ ਇਲੈਕਟ੍ਰਾਨਿਕ ਮੀਡੀਆ ਦਾ ਯੁੱਗ ਹੈ। ਸਾਡੇ ਲੀਡਰ ਸਾਹਬਾਨ ਬਿਆਨਬਾਜ਼ੀ ਅਤੇ ਦੂਸ਼ਣਬਾਜੀ ਕੁਝ ਜ਼ਰੂਰਤ ਤੋਂ ਜ਼ਿਆਦਾ ਹੀ ਕਰਨ ਲੱਗ ਪਏ ਹਨ। ਆਮ ਲੋਕਾਂ ਦਾ ਧਿਆਨ ਆਪਣੇ ਮੁੱਦਿਆਂ ਅਤੇ ਸਮੱਸਿਆਵਾਂ ਵੱਲ ਤਾਂ ਜਾਂਦਾ ਹੀ ਨਹੀਂ। ਕੋਈ ਵੀ ਇੱਕ ਪਾਰਟੀ ਦਾ ਲੀਡਰ ਉੱਠ ਕੇ ਆਪਣੀ ਹੀ ਪਾਰਟੀ ਦੇ ਲੀਡਰ ਤੇ ਜਾਂ ਫਿਰ ਵਿਰੋਧੀ ਪਾਰਟੀ ਦੇ ਲੀਡਰ ਤੇ ਦੂਸ਼ਣਬਾਜ਼ੀ ਕਰਦਾ ਹੈ, ਵਿਵਾਦ ਉਤਪੰਨ ਹੁੰਦੇ ਹਨ। ਉਸ ਨੂੰ ਇਲੈਕਟ੍ਰਾਨਿਕ ਮੀਡੀਆ ਉਸੇ ਸਮੇਂ ਵੱਡੇ ਵੱਡੇ ਅੱਖਰਾਂ ਵਿੱਚ ਬ੍ਰੇਕਿੰਗ ਨਿਊਜ਼ ਬਣਾ ਕੇ ਪੇਸ਼ ਕਰਦਾ ਹੈ। ਫਿਰ ਕੰਮ ਇੱਥੇ ਹੀ ਨਹੀਂ ਰੁਕਦਾ। ਫਿਰ ਜਿਸ ਬਾਰੇ ਬਿਆਨਬਾਜ਼ੀ ਕੀਤੀ ਹੁੰਦੀ ਹੈ ਸਾਡਾ ਮੀਡੀਆ ਉਹਨਾਂ ਕੋਲ ਪਹੁੰਚ ਕੇ ਜਵਾਬ ਲੈਂਦਾ ਹੈ । ਫਿਰ ਉਸ ਦੀ ਬ੍ਰੇਕਿੰਗ ਨਿਊਜ਼ ਬਣਦੀ ਹੈ । ਕੰਮ ਇੱਥੇ ਵੀ ਨਹੀਂ ਰੁਕਦਾ , ਫਿਰ ਉਹਨਾਂ ਉਹਨਾਂ ਦੀਆਂ ਸਿਆਸੀ ਪਾਰਟੀਆਂ ਦੇ ਹੋਰ ਆਗੂਆਂ ਦੇ ਬਿਆਨ ਲਏ ਜਾਂਦੇ ਹਨ। ਉਸ ਤੋਂ ਵੀ ਅੱਗੇ ਫਿਰ ਸਾਰੇ ਨਿਊਜ਼ ਚੈਨਲਾਂ ਤੇ ਬਹੁਤ ਹੀ ਦਿਲਚਸਪ ਢੰਗ ਨਾਲ ਡੀਬੇਟਾਂ ਕੀਤੀਆਂ ਜਾਂਦੀਆਂ ਹਨ। ਆਮ ਲੋਕ ਬੈਠ ਕੇ ਬਹੁਤ ਹੀ ਦਿਲਚਸਪ ਸੀਰੀਅਲਾਂ ਵਾਂਗ ਉਹਨਾਂ ਨੂੰ ਟੀ ਵੀ ਤੇ ਜਾਂ ਫ਼ੋਨਾਂ ਤੇ ਵੇਖਦੇ ਹਨ। ਉਹ ਵੀ ਆਪਣੇ ਹੱਕਾਂ ਅਤੇ ਮੁੱਦਿਆਂ ਨੂੰ ਭੁੱਲ ਜਾਂਦੇ ਹਨ ਕਿ ਜਿਹਨਾਂ ਖ਼ਾਤਰ ਉਹਨਾਂ ਨੇ ਉਹਨਾਂ ਨੂੰ ਚੁਣ ਕੇ ਭੇਜਿਆ ਸੀ । ਉਹ ਮਸਲਾ ਠੰਢਾ ਪੈਣ ਲੱਗਦਾ ਹੈ ਤਾਂ ਕੋਈ ਹੋਰ ਇਹੋ ਜਿਹਾ ਮਸਲਾ ਤਿਆਰ ਹੋ ਜਾਂਦਾ ਹੈ। ਆਮ ਲੋਕਾਂ ਦਾ ਤਾਂ ਸਾਰਾ ਦਿਨ ਆਪਣੇ ਕੰਮਾਂ ਕਾਰਾਂ ਦੇ ਨਾਲ ਨਾਲ ਸਿਆਸੀ ਆਗੂਆਂ ਦੀਆਂ ਬਿਆਨਬਾਜ਼ੀਆਂ ਅਤੇ ਡੀਬੇਟਾਂ ਸੁਣ ਕੇ ਲੰਘ ਜਾਂਦਾ ਹੈ। ਜਿਹੜੇ ਆਗੂ ਨੂੰ ਉਹਨਾਂ ਨੇ ਆਪਣੇ ਵਿੱਚੋਂ ਚੁਣ ਕੇ ਭੇਜਿਆ ਹੁੰਦਾ ਹੈ ਉਹ ਤਾਂ ਉਹਨਾਂ ਤੋਂ ਬਹੁਤ ਅਮੀਰ ਹੋ ਚੁੱਕਿਆ ਹੁੰਦਾ ਹੈ ਤੇ ਮੁੜ ਕੇ ਤਾਂ ਵੋਟਾਂ ਦੇ ਸਮੇਂ ਹੀ ਉਹਨਾਂ ਦੇ ਮੱਥੇ ਲੱਗਦਾ ਹੈ। ਮੁੱਕਦੀ ਗੱਲ ਇਹ ਹੈ ਕਿ ਲੀਡਰਾਂ ਦੀਆਂ ਇੱਕ ਦੂਜੇ ਉੱਤੇ ਕੀਤੀਆਂ ਟਿੱਪਣੀਆਂ ਜਾਂ ਬਿਆਨਬਾਜ਼ੀਆਂ ਆਮ ਲੋਕਾਂ ਦੇ ਕਿਸ ਕੰਮ ਦੀਆਂ ਹਨ? ਕੀ ਉਸ ਵਿੱਚੋਂ ਇੱਕ ਪ੍ਰਤੀਸ਼ਤ ਵੀ ਆਮ ਲੋਕਾਂ ਨੂੰ ਕੁਝ ਪ੍ਰਾਪਤ ਹੁੰਦਾ ਹੈ? ਨਹੀਂ, ਸਗੋਂ ਇਸ ਤੋਂ ਉਲਟ ਉਹ ਆਪਣਾ ਕੀਮਤੀ ਸਮਾਂ ਬਰਬਾਦ ਕਰਦੇ ਹਨ,ਉਹ ਆਪਣੇ ਮੁੱਦਿਆਂ ਤੋਂ ਭਟਕ ਜਾਂਦੇ ਹਨ ਤੇ ਉਹ ਭੁੱਲ ਜਾਂਦੇ ਹਨ ਕਿ ਉਹਨਾਂ ਨੇ ਆਗੂਆਂ ਦੀ ਚੋਣ ਕਿਸ ਮਕਸਦ ਲਈ ਕਰਕੇ ਭੇਜਿਆ ਸੀ। ਉਹ ਮੂਕ ਦਰਸ਼ਕ ਬਣ ਕੇ ਬਹੁਤ ਦਿਲਚਸਪੀ ਨਾਲ ਇਸ ਸਭ ਨੂੰ ਸੁਣਦੇ ਹਨ,ਖੁੰਢ ਚਰਚਾ ਕਰਦੇ ਹੋਏ ਜਾਂ ਦੋਸਤਾਂ ਮਿੱਤਰਾਂ ਅਤੇ ਪਰਿਵਾਰਾਂ ਨਾਲ ਬੈਠ ਕੇ ਚਰਚਾ ਕਰਦੇ ਹੋਏ ਆਪ ਵੀ ਅਸਿੱਧੇ ਤੌਰ ਤੇ ਉਹਨਾਂ ਦਾ ਹਿੱਸਾ ਬਣ ਜਾਂਦੇ ਹਨ। ਜਿਸ ਨਾਲ ਉਹਨਾਂ ਦਾ ਟਾਈਮ ਪਾਸ ਤਾਂ ਵਧੀਆ ਹੁੰਦਾ ਹੈ ਪਰ ਨੈਤਿਕ ਤੌਰ ਤੇ ਕੋਈ ਫਾਇਦਾ ਨਹੀਂ ਹੁੰਦਾ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਹਾਸ ਰਾਸ ਵਿਅੰਗ (ਪ੍ਰੋਫੈਸਰ ਸਾਹਿਬ ਦੀ 'ਲਿਕਵਿਡ ਡਾਈਟ' ਅਤੇ ਗਿਆਨ)

ਸਾਡੇ ਕਾਲਜ ਦੇ ਪ੍ਰੋਫੈਸਰ ਗੈਂਡਾ ਸਿੰਘ ਜੀ (ਨਾਂ ਬਦਲਿਆ ਹੋਇਆ ਹੈ) ਸਰੀਰ ਵਲੋਂ ਐਨੇ 'ਹੈਲਦੀ' ਹਨ ਕਿ ਜੇਕਰ ਉਹ ਲੰਘਦੇ ਹੋਏ ਕਿਸੇ ਨਾਲ ਮਾੜੇ ਜਿਹੇ ਖਹਿ ਜਾਣ, ਤਾਂ ਅਗਲੇ ਨੂੰ ਹਸਪਤਾਲ ਜਾ ਕੇ ਐਕਸ-ਰੇਅ ਕਰਵਾਉਣਾ ਪੈ ਜਾਂਦਾ ਹੈ। ਜਦੋਂ ਉਹ ਚੱਲਦੇ ਹਨ, ਤਾਂ ਇੰਝ ਲੱਗਦਾ ਹੈ ਜਿਵੇਂ ਕੋਈ ਤੁਰਦਾ-ਫਿਰਦਾ ਮਿੰਨੀ-ਟਰੱਕ ਆ ਰਿਹਾ ਹੋਵੇ। ਪ੍ਰੋਫੈਸਰ ਸਾਹਿਬ ਕਾਲਜ ਵਿੱਚ 'ਸਿਹਤ ਅਤੇ ਸਮਾਜ' ਵਿਸ਼ਾ ਪੜ੍ਹਾਉਂਦੇ ਹਨ ਅਤੇ ਉਨ੍ਹਾਂ ਦਾ ਮਨਪਸੰਦ ਸ਼ੌਕ ਹੈ—ਹਰ ਐਰੇ-ਗੈਰੇ ਨੂੰ ਸ਼ਰਾਬ ਛੱਡਣ ਦਾ ਮੁਫ਼ਤ ਗਿਆਨ ਵੰਡਣਾ। ਪ੍ਰੋਫੈਸਰ ਸਾਹਿਬ ਜਦੋਂ ਸਟੇਜ 'ਤੇ ਖੜ੍ਹ ਕੇ ਭਾਸ਼ਣ ਦਿੰਦੇ ਹਨ, ਤਾਂ ਉਨ੍ਹਾਂ ਦਾ ਪੇਟ ਮਾਈਕ੍ਰੋਫੋਨ ਨੂੰ ਪਿੱਛੇ ਧੱਕ ਰਿਹਾ ਹੁੰਦਾ ਹੈ। ਉਹ ਬੜੀ ਗੰਭੀਰ ਆਵਾਜ਼ ਵਿੱਚ ਕਹਿੰਦੇ ਹਨ, "ਭਰਾਵੋ! ਇਹ ਸ਼ਰਾਬ ਨਾਸਾਂ ਦਾ ਖੂਹ ਹੈ, ਇਹ ਲਿਵਰ ਫੂਕ ਦਿੰਦੀ ਹੈ, ਬੰਦੇ ਨੂੰ ਗੋਡਿਆਂ ਭਾਰ ਕਰ ਦਿੰਦੀ ਹੈ! ਛੱਡ ਦਿਓ ਇਸ ਨੂੰ!" ਉਨ੍ਹਾਂ ਦਾ ਇਹ ਲੈਕਚਰ ਸੁਣ ਕੇ ਕਈ ਸ਼ਰਾਬੀ ਤਾਂ ਅੱਖਾਂ ਵਿੱਚ ਹੰਝੂ ਭਰ ਲੈਂਦੇ ਹਨ। ਪਰ ਅਸਲ ਕਹਾਣੀ ਸ਼ਾਮ ਨੂੰ ਸ਼ੁਰੂ ਹੁੰਦੀ ਹੈ। ਲੰਘੀ ਸ਼ਾਮ ਮੈਂ ਪ੍ਰੋਫੈਸਰ ਸਾਹਿਬ ਦੇ ਘਰ ਕਿਸੇ ਕੰਮ ਗਿਆ। ਡਰਾਇੰਗ ਰੂਮ ਵਿੱਚ ਪ੍ਰੋਫੈਸਰ ਸਾਹਿਬ ਸੋਫ਼ੇ 'ਤੇ ਇੰਝ ਬਿਰਾਜਮਾਨ ਸਨ, ਜਿਵੇਂ ਸੋਫ਼ਾ ਉਨ੍ਹਾਂ ਦੇ ਭਾਰ ਹੇਠ ਆਖਰੀ ਸਾਹ ਲੈ ਰਿਹਾ ਹੋਵੇ। ਸਾਹਮਣੇ ਮੇਜ਼ 'ਤੇ ਸਲਾਦ ਦੀ ਪਲੇਟ ਅਤੇ ਇੱਕ ਚਮਕਦੀ ਹੋਈ ਸਕਾਚ ਦੀ ਬੋਤਲ ਅੱਧੀ ਖਾਲੀ ਪਈ ਸੀ। ਪ੍ਰੋਫੈਸਰ ਸਾਹਿਬ ਬੜੇ ਸਵਾਦ ਨਾਲ 'ਪੈੱਗ' ਅੰਦਰ ਲੰਘਾ ਰਹੇ ਸਨ। ਮੈਂ ਹੱਕਾ-ਬੱਕਾ ਰਹਿ ਗਿਆ ਅਤੇ ਹੱਸਦਿਆਂ ਕਿਹਾ, "ਕਮਾਲ ਹੈ ਪ੍ਰੋਫੈਸਰ ਸਾਹਿਬ! ਸਵੇਰੇ ਸਟੇਜ 'ਤੇ ਤਾਂ ਤੁਸੀਂ ਕਹਿ ਰਹੇ ਸੀ ਕਿ ਸ਼ਰਾਬ ਨੂੰ ਹੱਥ ਨੀ




ਲਾਉਣਾ ਚਾਹੀਦਾ... ਤੇ ਇੱਥੇ ਖ਼ੁਦ? ਲੱਗਦਾ ਹੈ ਤੁਹਾਨੂੰ ਸ਼ਰਾਬ ਛੱਡਣੀ ਹੀ ਨਹੀਂ ਆਉਂਦੀ!"
ਪ੍ਰੋਫੈਸਰ ਸਾਹਿਬ ਨੇ ਆਪਣੇ ਭਾਰੇ ਢਿੱਡ 'ਤੇ ਹੱਥ ਫੇਰਿਆ, ਇੱਕ ਡਕਾਰ ਮਾਰਿਆ ਅਤੇ ਬੜੀ ਫਿਲਾਸਫੀਕਲ ਮੁਸਕਰਾਹਟ ਨਾਲ ਬੋਲੇ, "ਓਏ ਮੂਰਖਾ! ਤੂੰ ਮੇਰੀ ਖੋਜ (Research) ਨੂੰ ਸਮਝਿਆ ਹੀ ਨਹੀਂ। ਮੈਂ ਤਾਂ ਸ਼ਰਾਬ ਛੱਡਣ ਦੀਆਂ ਨਵੀਆਂ ਤਕਨੀਕਾਂ ਲੱਭ ਰਿਹਾ ਹਾਂ।"
ਮੈਂ ਪੁੱਛਿਆ, "ਉਹ ਕਿਵੇਂ?"
ਪ੍ਰੋਫੈਸਰ ਸਾਹਿਬ ਨੇ ਗਲਾਸ ਹਵਾ ਵਿੱਚ ਲਹਿਰਾਉਂਦੇ ਹੋਏ ਕਿਹਾ, "ਦੇਖ, ਡਾਕਟਰਾਂ ਨੇ ਮੈਨੂੰ ਕਿਹਾ ਹੈ ਕਿ ਜੇਕਰ ਵਜ਼ਨ ਘਟਾਉਣਾ ਹੈ ਤਾਂ 'ਸੌਲਿਡ ਫੂਡ' (ਰੋਟੀ-ਪਾਣੀ) ਛੱਡ ਕੇ 'ਲਿਕਵਿਡ ਡਾਈਟ' (ਤਰਲ ਪਦਾਰਥ) 'ਤੇ ਆ ਜਾਓ। ਹੁਣ ਤੂੰ ਹੀ ਦੱਸ, ਇਸ ਬੋਤਲ ਨਾਲੋਂ ਵਧੀਆ ਲਿਕਵਿਡ ਕਿਹੜਾ ਹੋ ਸਕਦਾ ਹੈ? ਮੈਂ ਰੋਟੀ ਛੱਡ ਸਕਦਾ ਹਾਂ, ਪਰ ਡਾਕਟਰ ਦੀ ਸਲਾਹ ਨਹੀਂ ਮੋੜ ਸਕਦਾ!" ਮੈਂ ਹੱਸਦਿਆਂ ਕਿਹਾ, "ਪਰ ਪ੍ਰੋਫੈਸਰ ਸਾਹਿਬ, ਸਵੇਰੇ ਤਾਂ ਤੁਸੀਂ ਕਹਿ ਰਹੇ ਸੀ ਕਿ ਇਹ ਲਿਵਰ ਖ਼ਰਾਬ ਕਰਦੀ ਹੈ, ਬੰਦੇ ਨੂੰ ਨਿਮਾਣਾ ਬਣਾ ਕੇ ਪਿੱਠ 'ਤੇ ਸਵਾਰ ਹੋ ਜਾਂਦੀ ਹੈ।"
ਪ੍ਰੋਫੈਸਰ ਸਾਹਿਬ ਨੇ ਤੁਰੰਤ ਦਲੀਲ ਘੜੀ, "ਬਿਲਕੁਲ ਸਹੀ! ਉਹ ਗਿਆਨ ਆਮ ਲੋਕਾਂ ਲਈ ਹੈ, ਜਿਨ੍ਹਾਂ ਦਾ ਹਾਜ਼ਮਾ ਕਮਜ਼ੋਰ ਹੈ। ਮੇਰਾ ਸਰੀਰ ਦੇਖ, ਕੁਦਰਤ ਨੇ ਮੈਨੂੰ 'ਹੈਵੀ ਡਿਊਟੀ' ਬਣਾਇਆ ਹੈ। ਇਹ ਬੋਤਲ ਮੇਰੀ ਪਿੱਠ 'ਤੇ ਸਵਾਰ ਹੋਣ ਦੀ ਕੋਸ਼ਿਸ਼ ਤਾਂ ਕਰਦੀ ਹੈ, ਪਰ ਮੇਰੇ 120 ਕਿੱਲੋ ਦੇ ਭਾਰ ਅੱਗੇ ਇਹ ਖ਼ੁਦ ਦੱਬ ਜਾਂਦੀ ਹੈ। ਮੈਂ ਸ਼ਰਾਬ ਇਸ ਲਈ ਪੀਂਦਾ ਹਾਂ ਤਾਂ ਜੋ ਦੇਸ਼ ਦਾ ਕੋਟਾ ਖ਼ਤਮ ਹੋਵੇ ਅਤੇ ਬਾਕੀ ਨੌਜਵਾਨ ਇਸ ਬੁਰਾਈ ਤੋਂ ਬਚ ਸਕਣ। ਇਹ ਮੇਰੀ ਦੇਸ਼-ਭਗਤੀ ਹੈ!"
ਮੈਂ ਪ੍ਰੋਫੈਸਰ ਸਾਹਿਬ ਦੀ ਇਸ 'ਮੋਟੇ ਸਰੀਰ ਅਤੇ ਪਤਲੇ ਵਿਚਾਰਾਂ' ਵਾਲੀ ਫਿਲਾਸਫੀ ਨੂੰ ਸਿਰ ਝੁਕਾ ਕੇ ਸਲਾਮ ਕੀਤਾ ਅਤੇ ਘਰ ਆ ਗਿਆ।

**ਲੇਖਕ ਗੁਰਸੇਵਕ ਸਿੰਘ।**
**ਝੁਨੀਰ**
**ਪੰਜਾਬੀ ਮਾਸਟਰ**
**ਸ ਸ ਸ ਸ ਫੱਤਾ ਮਾਲੋਕਾ**
**(ਮਾਨਸਾ ) ਮੋਬ ਨੰਬਰ**
**9815046042**

# ਪੰਜਾਬ ਦਾ ਲੋਕ ਨਾਇਕ:-ਜਿਊਣਾ ਮੌੜ

ਪੰਜਾਬ ਦੀ ਧਰਤੀ ਨੂੰ ਪੰਜ ਦਰਿਆਵਾਂ ਧਰਤੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਇਸ ਭਾਗਾਂ ਵਾਲੀ ਧਰਤੀ ਨੂੰ ਗੁਰੂਆਂ ਪੀਰਾਂ ਤੇ ਰਿਸ਼ੀਆਂ ਮੁਨੀਆਂ ਦੀ ਛੋਹ ਪ੍ਰਾਪਤ ਹੈ।ਇਸ ਦੀ ਜਰਖੇਜ਼ ਮਿੱਟੀ ਨੇ ਸਿਰਲੱਥ ਸੂਰਬੀਰਾਂ ਯੋਧਿਆਂ ਨੂੰ ਜਨਮਿਆਂ ਹੈ। ਇਨ੍ਹਾਂ ਹੀ ਸੂਰਬੀਰਾਂ ਯੋਧਿਆਂ ਵਿਚੋਂ ਪੰਜਾਬ ਦੇ ਲੋਕ ਨਾਇਕ ਵੀ ਉਭਰ ਕੇ ਸਾਹਮਣੇ ਆਏ ਹਨ। ਜਿਨ੍ਹਾਂ ਨੇ ਸਮੇਂ ਦੇ ਮਾੜੇ ਹਾਲਾਤਾਂ ਹੱਥੋਂ ਮਜ਼ਬੂਰ ਹੋ ਕੇ ਹਕੂਮਤ ਦੇ ਵਿਰੁੱਧ ਬਗ਼ਾਵਤੀ ਐਲਾਨ ਕੀਤਾ। ਇਨ੍ਹਾਂ ਹੀ ਲੋਕ ਨਾਇਕਾਂ ਵਿਚੋਂ ਜਿਊਣਾ ਮੌੜ ਇੱਕ ਹੈ। ਜਿਊਣਾ ਮੌੜ ਪੰਜਾਬ ਦੇ ਇਤਿਹਾਸ ਵਿੱਚ ਉਹ ਨਾਂ ਹੈ ਜਿਸ ਨੇ ਆਪਣੀ ਅਣਖ, ਗ਼ੈਰਤ ਅਤੇ ਸਵੈਮਾਨ ਨੂੰ ਬਰਕਰਾਰ ਰੱਖਦਿਆਂ ਡਕੈਤੀ ਦੇ ਰਾਹ ਤੁਰ ਕੇ ਵੀ ਮਾਨਵਤਾ ਦੇ ਹੱਕਾਂ ਦੀ ਰਾਖੀ ਕੀਤੀ। ਉਹ ਅਖੌਤੀਆਂ ਲਈ ਡਰ, ਪੁਲਿਸ ਮੁਖ਼ਬਰਾਂ ਲਈ ਖ਼ੌਫ਼ ਅਤੇ ਗ਼ਰੀਬ ਮਜ਼ਲੂਮਾਂ ਲਈ ਇੱਕ ਕੁਦਰਤੀ ਫ਼ਰਿਸ਼ਤਾ ਬਣ ਹਮਦਰਦੀ ਦਾ ਮਸੀਹਾ ਬਣਿਆ। ਸਦੀਆਂ ਬੀਤਣ ਦੇ ਬਾਅਦ ਅੱਜ ਵੀ ਜਿਊਣੇ ਮੌੜ ਦਾ ਨਾਂ ਪੰਜਾਬੀਆਂ ਦੇ ਮਨਾਂ ਤੇ ਉੱਕਰਿਆ ਪਿਆ ਹੈ। ਜਿਊਣੇ ਮੌੜ ਦੀ ਕਹਾਣੀ ਸ਼ੁਰੂ ਹੁੰਦੀ ਹੈ ਸੰਗਰੂਰ ਜ਼ਿਲ੍ਹੇ ਦੇ ਪਿੰਡ ਮੌੜ ਤੋਂ ਪਿਤਾ ਸ੍ਰ.ਖੜਕ ਸਿੰਘ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁੱਖੋਂ ਹੋਇਆ ਸੀ। ਉਹ ਕੋਈ ਜਨਮਿਆ ਜਿਊਣਾ ਕਿਸ਼ਨੇ ਦਾ ਛੋਟਾ ਭਰਾ ਸੀ ਉਹ ਕਿਸਾਨੀ ਨਾਲ ਸਬੰਧ ਰੱਖਣ ਵਾਲਾ ਜੱਟ ਪਰਿਵਾਰ ਦੇ ਮਾਨ ਗੋਤ ਵਿਚੋਂ ਸੀ।ਜਿਊਣਾ ਬੜਾ ਹੀ ਨਰਮ ਸੁਭਾਅ ਦਾ ਅੱਲੋਕਾਰ ਗੱਲਾਂ ਕਰਨ ਵਾਲਾ ਦਰਿਆਦਿਲ ਸਾਊ ਮਨੁੱਖ ਸੀ ਜਿਸ ਨੂੰ ਆਮ ਕਰਕੇ ਜੀਊਣਾ ਵੀ ਕਹਿ ਦਿੰਦੇ ਸਨ। ਪਰ ਇਸ ਦਾ ਭਰਾ ਕਿਸ਼ਨਾ ਹੋਰ ਮਾਹੌਲ ਦਾ ਵਾਸੀ ਸੀ।ਉਹ ਡਸਕੇ ਦੇ ਡੋਗਰ ਤੇ ਖੜਿਆਲ ਪਿੰਡ ਦੇ ਜੈਮਲ ਦਾ ਲੰਗੋਟੀਆ ਯਾਰ ਸੀ ਜੋ ਕਿੱਤੇ ਵਜੋਂ ਲੁੱਟਾਂ ਖੋਹਾਂ ਕਰਨ ਵਾਲੇ ਗਰੋਹੀਆ ਸਨ। ਇਕ ਦਿਨ ਕਿਸ਼ਨੇ, ਡੋਗਰ ਤੇ ਜੈਮਲ ਨੇ ਆਪਣੇ ਹੀ ਪਿੰਡ ਦੇ ਬਾਣੀਆਂ ਦੀ ਬਰਾਤ ਲੁੱਟ ਲਈ। ਬਰਾਤੀਆਂ 'ਚੋਂ ਕਿਸੇ ਨੇ ਕਿਸ਼ਨੇ ਨੂੰ ਪਛਾਣ ਲਿਆ ।ਸਾਰੇ ਪਿੰਡ ਵਿੱਚ ਇਸ ਸ਼ਰਮਸਾਰ ਗੱਲ ਦੀ ਚਰਚਾ ਹੋਣ ਲੱਗੀ। ਪਿੰਡ ਦੇ ਹੀ ਇੱਕ ਰੱਜੇ ਪੁੱਜੇ ਅਮੀਰਜਾਦੀਏ ਵਾਸਦੇਵ ਨਾਂ ਦੇ ਵਿਅਕਤੀ ਨੇ ਕਿਸ਼ਨੇ ਵਿਰੁੱਧ ਸ਼ਿਕਾਇਤ ਦਰਜ ਕਰਵਾਈ ।ਜਦੋਂ ਇਸ ਗੱਲ ਦੀ ਖ਼ਬਰ ਕਿਸ਼ਨੇ ਨੂੰ ਮਿਲੀ ਤਾਂ ਉਹ ਵਾਸਦੇਵ ਦਾ ਕਤਲ ਕਰ ਪਿੰਡੋਂ ਫ਼ਰਾਰ ਹੋ ਗਿਆ । ਪੁਲਿਸ ਨੇ ਕਿਸ਼ਨੇ ਦੀ ਭਾਲ ਵਿੱਚ ਜਿਊਣੇ ਤੇ ਉਸਦੇ ਪਿਤਾ ਨੂੰ ਫੜ ਲਿਆ ਜਿਨ੍ਹਾਂ ਤੇ ਬਹੁਤ ਤਸ਼ੱਸਦ ਕੀਤਾ ਗਿਆ। ਇਸ ਕਤਲ ਦੀ ਭਿਣਕ ਕਿਸ਼ਨੇ ਦੇ ਦੋਸਤ ਜੈਮਲ ਨੂੰ ਲੱਗੀ। ਜਦੋਂ ਕਿਸ਼ਨਾ ਜੈਮਲ ਕੋਲ ਆਪਣਾ ਹਿੱਸਾ ਤੇ ਮਦਦ ਲੈਣ ਲਈ ਆਇਆ ਤਾਂ ਉਹ ਜ਼ੁਬਾਨੋਂ ਮੁੱਕਰ ਗਿਆ ਤਾਂ ਗੁੱਸੇ ਚ ਆਏ ਕਿਸ਼ਨੇ ਆਪਣੀ ਇਸ ਨਿਰਾਦਾਰੀ ਬਦਲਾ ਜੈਮਲ ਦਾ ਕਤਲ ਕਰ ਕੇ ਲਿਆ। ਜੈਮਲ ਦੀ ਇਸ ਖ਼ੂਨੀ ਵਾਰਦਾਤ ਤੋਂ ਸੁਚੇਤ ਹੋ ਡੋਗਰ ਨੇ ਧੋਖੇ ਨਾਲ ਕਿਸ਼ਨੇ ਨੂੰ ਪੁਲਸ ਹੱਥ ਫ਼ੜਾ ਦਿੱਤਾ ਜਿਸ ਤੇ ਮੁੱਕਦਮਾ ਚਲਦਿਆਂ ਉਸਨੂੰ ਕਾਲੇ ਪਾਣੀ ਦੀ ਜੇਲ੍ਹ ਭੇਜ ਦਿੱਤਾ ਗਿਆ। ਕਾਲੇ ਪਾਣੀ ਦੀ ਸਜ਼ਾ ਕੱਟ ਕੇ ਵਾਪਸ ਪਰਤ ਰਹੇ ਇੱਕ ਵਿਅਕਤੀ ਦੇ ਹੱਥ ਕਿਸ਼ਨੇ ਨੇ ਚਿੱਠੀ ਲਿਖ ਫੜਾਈ ਜਿਸ ਵਿੱਚ ਉਸਨੇ ਆਪਣੇ ਨਾਲ ਹੋਏ ਧੋਖੇ ਦਾ ਬਦਲਾ ਡੋਗਰ ਤੋਂ ਲੈਣ ਲਈ ਜਿਊਣੇ ਨੂੰ ਵੰਗਾਰਿਆ । ਇੱਧਰ ਜ਼ੁਲਮ ਦੇ ਸਤਾਏ ਜਿਊਣੇ ਦੇ ਚਿੱਠੀ ਸੁਣ ਕੇ ਸੱਤੀ ਕੱਪੜੇ ਅੱਗ ਲੱਗ ਗਈ ਤੇ ਉਹ ਸਮੇਂ ਦੀਆਂ ਜ਼ੁਲਮੀ ਹਵਾਵਾਂ ਦੇ ਵਿਰੁੱਧ ਬਾਗ਼ੀ ਹੋ ਨਿਕਲਿਆ।ਡਾਕੂਆਂ ਦਾ ਸਰਦਾਰ ਬਣ ਜਿਊਣਾ ਜ਼ੁਲਮ ਦੇ ਖਿਲਾਫ਼ ਆਪਣੀ ਦਹਿਸ਼ਤ ਦੇ ਦਸਖ਼ਤ ਕਰਨ ਲੱਗਾ। ਥੋੜੇ ਕੁਝ ਦਿਨਾਂ ਚ ਜਿਊਣਾ ਲੁੱਟਾਂ ਖਸੁੱਟਾਂ ਕਰਨ ਵਾਲੇ ਸ਼ਾਹੂਕਾਰਾਂ, ਅਮੀਰਜਾਦਿਆ ਤੇ ਅਖੌਤੀਆਂ ਲਈ ਜਿਊਣਾ ਮੁਸੀਬਤ ਬਣਦਾ ਹੋਇਆ ਗਰੀਬ ਮਜ਼ਲੂਮਾਂ ਦਾ ਰੱਖਿਅਕ ਬਣ ਗਿਆ। ਜਿਊਣੇ ਦੀ ਦਹਿਸ਼ਤ ਦਾ ਮਾਹੌਲ ਸਾਰੇ ਪਾਸੇ ਛਾਇਆ ਜਿਊਣ ਦੇ ਨਾਂ ਤੋਂ ਜ਼ਾਲਿਮ ਤੇ ਸਰਕਾਰ ਥਰ ਥਰ ਕੰਬਣ ਲੱਗੀ। ਸਾਰੇ ਇਲਾਕੇ ਵਿੱਚ ਪੁਲਿਸ ਨੇ ਉਸ ਨੂੰ ਫੜਨ ਲਈ ਉਸਦੇ ਸਿਰ ਦਾ ਇਨਾਮ ਵੀ ਐਲਾਨਿਆ ਪਰ ਉਹ ਕਿਤੋਂ ਹੱਥ ਨਾ ਆਇਆ ਇੱਕ ਦਿਨ ਸਾਉਣ ਦੇ ਮਹੀਨੇ ਲੌਂਗੋਵਾਲ ਦੀਆਂ ਲੱਗੀਆਂ ਤੀਆਂ ਵਿੱਚ ਜਿਊਣੇ ਮੌੜ ਦੀ ਟੋਲੀ ਪਹੁੰਚ ਗਈ ਤੇ ਜਿਊਣੇ ਨੇ ਚਾਦਰਾਂ ਵਛਾ ਕੇ ਕੁੜੀਆਂ ਨੂੰ ਆਪਣੀਆਂ ਆਪਣੀਆਂ ਟੂੰਮਾ ਗਹਿਣੇ ਲਾਉਣ ਲਈ ਕਿਹਾ ਤਾਂ ਉਨ੍ਹਾਂ ਵਿਚੋਂ ਇੱਕ ਕੁੜੀ ਨੇ ਜਿਊਣੇ ਨੂੰ ਭਰਾ ਕਹਿ ਕੇ ਆਪਣੀ ਗ਼ਰੀਬੀ ਦਾ ਵਾਸਤਾ ਪਾਇਆ ਜਿਸ ਨਾਲ ਜਿਊਣਾ ਧੁਰ ਅੰਦਰ ਤੱਕ ਪਸਿੰਜਿਆ ਗਿਆ ਤੇ ਉਹ ਉੱਥੋਂ ਖਾਲੀ ਤੁਰ ਗਿਆ। ਜਿਊਣੇ ਮੌੜ ਨੇ ਡਾਕੂ ਹੁੰਦਿਆਂ ਹੋਇਆਂ ਵੀ ਆਪਣੇ ਸਵੈਮਾਨ ਨੂੰ ਧੀਆਂ ਭੈਣਾਂ ਦੀ ਇੱਜ਼ਤ ਤੇ ਗ਼ਰੀਬ ਮਜ਼ਲੂਮਾਂ ਦੀ ਰਖਿਆ ਲਈ ਸਾਂਭ ਕੇ ਰੱਖਿਆ। ਇੱਕ ਦਿਨ ਜਿਊਣੇ ਮੌੜ ਨੇ ਪਿੰਡ ਦੌਲੇਆਲ ਵਧੀਆ ਨਸਲ ਦਾ ਘੋੜਾ ਜਾ ਖੋਲ੍ਹਿਆ ਜਦੋਂ ਪਿਛਾੜੀ ਖਿੱਚੀ ਤਾਂ ਕਿੱਲਾ ਉਖੜਕੇ ਉਹਦੇ ਨੱਕ ਤੇ ਜਾ ਵੱਜਾ ਜਿਸ ਨਾਲ ਉਹਦੇ ਜ਼ਖ਼ਮ ਦਾ ਨਿਸ਼ਾਨ ਪੈ ਗਿਆ। ਡਾਕੂ ਦੇ ਭੇਸ਼ ਵਿੱਚ ਵੀ ਪੂਰੀ ਸ਼ਾਨ ਨਾਲ਼ ਜਿਉਣ ਵਾਲੇ ਜਿਊਣ ਨੂੰ ਬੁਢਲਾਡਾ ਪੁਲਿਸ ਨੇ ਫੜਨ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਹ ਕਿਤੋਂ ਹੱਥ ਨਾ ਆਇਆ। ਇਕ ਦਿਨ ਉਸਨੇ ਮਹਾਰਾਜਾ ਰਾਜਾ ਹੀਰਾ ਸਿੰਘ ਦੇ ਮਹਿਲੋਂ ਘੋੜੀ ਖੋਲ੍ਹ ਲਈ ਜਾਂਦੇ ਹੋਏ ਨੇ ਸੰਤਰੀ ਨੂੰ ਕਿਹਾ ਕਹਿ ਦੀਂ ਤੇਰੇ ਰਾਜੇ ਨੂੰ ਕਿ ਜਿਊਣਾ ਲੈ ਗਿਆ ਤੇਰੀ ਘੋੜੀ ਤਾਂ ਰਾਜੇ ਨੇ ਆਪਣੀ ਸਾਰੀ ਪੁਲਸ ਜਿਊਣੇ ਦੇ ਮਗਰ ਲਾ ਦਿੱਤੀ। ਜਿਊਣਾ ਫੜਿਆ ਗਿਆ ਉਸ ਨੂੰ ਨਾਭਾ ਜੇਲ੍ਹ ਵਿੱਚ ਡੱਕ ਦਿੱਤਾ ਪਰ ਉਹ ਛੇਤੀ ਹੀ ਅਗਲੀ ਰਾਤ ਜੇਲ੍ਹ ਤੋੜ ਭੱਜ ਗਿਆ।ਜਿਊਣਾ ਮੌੜ ਜਿਸ ਮਕਸਦ ਲਈ ਡਾਕੂ ਬਣਿਆਂ ਸੀ ਉਹ ਅਜੇ ਪੂਰਾ ਨਹੀਂ ਸੀ ਹੋਇਆ। ਆਪਣੇ ਭਰਾ ਦਾ ਬਦਲਾ ਲੈਣ ਦਾ ਨਿਸ਼ਾਨਾ ਉਹਦੇ ਸਾਹਮਣੇ ਸੀ। ਫਿਰ ਇਕ ਦਿਨ ਕਾਰਤੂਸਾਂ ਦੀ ਪੇਟੀ ਆਪਣੇ ਮੋਢੇ ਨਾਲ਼ ਬੰਨ੍ਹ ਆਪਣੇ ਸਾਥੀਆਂ ਨਾਲ ਘੋੜੀ 'ਤੇ ਸਵਾਰ ਹੋ ਜਿਊਣਾ ਮੌੜ ਅਹਿਮਦ ਡੋਗਰ ਦੇ ਪਿੰਡ ਡਸਕੇ ਜਾ ਪੁੱਜਾ। ਉਹਨੇ ਡੋਗਰ ਨੂੰ ਲਲਕਾਰਿਆ ਅੱਖਾਂ ਵਿੱਚ ਬਦਲੇ ਦਾ ਖ਼ੂਨ ਡਲ੍ਹਕ ਰਿਹਾ



ਸੀ। ਡੋਗਰ ਵੀ ਸੁਣਦੇ ਸਾਰ ਹੱਥਾਂ 'ਚ ਰਫ਼ਲ ਫੜ ਬੋਲਿਆ ਜਦੋਂ ਗਿੱਦੜ ਦੀ ਮੌਤ ਆਉਂਦੀ ਪਿੰਡੋਂ ਐ ਉਹ ਨਿਆਈਆਂ ਵੱਲ ਨੂੰ ਭਜਦੈ।ਡੋਗਰ ਦੀ ਘਰ ਵਾਲ਼ੀ ਨੇ ਉਸ ਨੂੰ ਬਹੁਤ ਰੋਕਿਆ ਪਰ ਉਹ ਨੀਂ ਰੁਕਿਆ। ਜਿਊਣੇ ਦੇ ਸਿਰ ਖ਼ੂਨ ਸਵਾਰ ਸੀ ਜਿਊਣੇ ਨੇ ਪਹਿਲੇ ਫ਼ਾਇਰ ਨਾਲ਼ ਹੀ ਡੋਗਰ ਨੂੰ ਪਾਰ ਬੁਲਾ ਦਿੱਤਾ।ਡੋਗਰ ਦੀ ਲਾਸ਼ ਧਰਤੀ 'ਤੇ ਪਈ ਤੜਪ ਰਹੀ ਸੀ।ਡੋਗਰ ਦੇ ਮਰਨ ਦੀ ਖ਼ਬਰ ਸਾਰੇ ਇਲਾਕੇ ਵਿੱਚ ਅੱਗ ਵਾਂਗ ਫ਼ੈਲ ਗਈ ਸਾਰਾ ਪਿੰਡ ਹਾਹਾਕਾਰ ਮੱਚ ਗਈ।ਜਿਊਣਾ ਮੌੜ ਇੱਕ ਧਾਰਮਿਕ ਖਿਆਲਾਂ ਵਾਲਾ ਨੌਜਵਾਨ ਸੀ। ਉਹ ਨੈਣਾਂ ਦੇਵੀ ਦਾ ਪੱਕਾ ਸ਼ਰਧਾਲੂ ਸੀ। ਉਸ ਨੂੰ ਵਿਸ਼ਵਾਸ਼ ਸੀ ਕਿ ਹਰ ਪਲ ਮਾਂ ਨੈਣਾਂ ਦੇਵੀ ਉਸਦੀ ਰੱਖਿਆ ਕਰਦੀ ਹੈ। ਡੋਗਰ ਨੂੰ ਮਾਰਕੇ ਉਹਦੇ ਕਲੇਜੇ ਠੰਢ ਪਈ ਆਪਣੇ ਭਰਾ ਦਾ ਬਦਲਾ ਲੈਣ ਤੋਂ ਬਾਅਦ ਨੈਣਾਂ ਦੇਵੀ ਦੇ ਦਰਸ਼ਨਾਂ ਨੂੰ ਜਾਂਦਿਆਂ ਜਿਊਣੇ ਮੌੜ ਨੇ ਪਟਿਆਲਾ ਸ਼ਹਿਰ ਵਿੱਚ ਜਾ ਕੇ ਕੰਧ ਉੱਤੇ ਲਿਖ ਕੇ ਕਾਗਜ਼ ਲਾ ਦਿੱਤਾ ਕਿ ਜਿਊਣਾ ਮੌੜ ਬਾਜ਼ਾਰ 'ਚ ਫਿਰਦੈ, ਫੜ ਲਓ ਪੁਲਿਸ ਥਾਂ-ਥਾਂ ਪੁਲਿਸ ਟੱਕਰਾਂ ਮਾਰਦੀ ਰਹੀ ਪਰੰਤੂ ਜਿਊਣਾ ਕਿਤੋਂ ਹੱਥ ਨਾ ਆਇਆ।ਉਸ ਦੇ ਕੁਝ ਸਾਥੀ ਪੁਲਿਸ ਦੇ ਅੜਿੱਕੇ ਆ ਗਏ ਉਸ ਦੇ ਇਕ ਸਾਥੀ ਵੱਲੋਂ ਮੁਖਬਰੀ ਕਰਨ ਪੁਲਿਸ ਨੇ ਨੈਣਾ ਦੇਵੀ ਜਾ ਚਾਰ ਚੁਫੇਰੇ ਘੇਰਾ ਪਿਆ। ਜਿਊਣਾ ਮੌੜ ਸਾਧ ਦੇ ਭੇਸ ਵਿੱਚ ਨੈਣਾਂ ਦੇਵੀ ਦੇ ਮੰਦਿਰ ਜਾਂ ਪੁੱਜਾ। ਮਾਤਾ ਨੈਣਾਂ ਦੇਵੀ ਦੇ ਖੁੱਲ੍ਹੇ ਦੀਦਾਰੇ ਕਰਕੇ ਸੋਨੇ ਦਾ ਛਤਰ ਚੜ੍ਹਾ ਜਦੋਂ ਵਾਪਸ ਪਰਤਿਆ ਤਾਂ ਮੰਦਿਰ ਦੇ ਅੰਦਰ ਬਾਹਰ ਪੁਲਿਸ ਖੜੋਤੀ ਹੋਈ ਸੀ। ਪੁਲਿਸ ਦੇ ਤੰਗ ਘੇਰੇ ਵਿਚੋਂ ਕਿਸੇ ਨੇ ਜਿਊਣੇ ਨੂੰ ਨੱਕ ਦੇ ਨਿਸ਼ਾਨ ਤੋਂ ਪਛਾਣ ਲਿਆ ।ਨਿਹੱਥਾ ਜਿਊਣਾ ਮੌੜ ਹਥਿਆਰ ਬੰਦ ਪੁਲਿਸ ਦਾ ਕਦੋਂ ਤੱਕ ਮੁਕਾਬਲਾ ਕਰਦਾ ਆਖ਼ਰ ਜਿਊਣੇ ਮੌੜ ਨੇ ਪੁਲਿਸ ਦੇ ਹੱਥ ਆਉਣ ਦੀ ਬਜਾਏ ਆਪਣੀ ਅਣਖ ਨੂੰ ਕਾਇਮ ਰੱਖਣ ਲਈ ਉਸਨੇ ਪਹਾੜੀ ਤੋਂ ਛਾਲ ਮਾਰ ਦਿੱਤੀ ਜਿੱਥੇ ਉਸਦੀ ਮੌਤ ਹੋ ਗਈ।

ਪਰ ਕੁਝ ਇਤਿਹਾਸਕਾਰਾਂ ਵੱਲੋਂ ਲਿਖਿਆ ਗਿਆ ਹੈ ਕਿ ਜਿਊਣੇ ਮੌੜ ਦੀ ਮੌਤ ਨੈਣਾ ਦੇਵੀ ਨਹੀਂ ਹੋਈ। ਜਦੋਂ ਕਿ ਪਟਿਆਲਾ ਰਿਆਸਤ ਅਤੇ ਅੰਗਰੇਜ਼ੀ ਹਕੂਮਤ ਵਲੋਂ ਕਾਬੂ ਕਰਕੇ ਉਸਨੂੰ ਫ਼ਿਰੋਜ਼ਪੁਰ ਦੀ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਮੁਕੱਦਮਾ ਚੱਲਿਆ ਸਰਕਾਰ ਨੇ ਉਸ ਨੂੰ ਫ਼ਾਂਸੀ ਦੀ ਸਜ਼ਾ ਸੁਣਾ ਦਿੱਤੀ। ਪੰਜਾਬ ਦਾ ਰੌਬਿਨਹੁੱਡ ਜਿਊਣਾ ਮੌੜ ਅਣਖੀਲਾ ਯੋਧਾ ਅਣਖ ਅਤੇ ਗ਼ੈਰਤ ਦੀ ਰਾਖੀ ਕਰਦਿਆਂ 1903 ਨੂੰ ਹੱਸਦਿਆਂ-ਹੱਸਦਿਆਂ ਫਾਂਸੀ ਦੇ ਤਖ਼ਤੇ 'ਤੇ ਝੂਲ ਗਿਆ।

ਮਾਲਵੇ ਦੀ ਧਰਤੀ ਦਾ ਜਾਇਆ ਜਿਊਣਾ ਮੌੜ ਪੰਜਾਬ ਦੇ ਇਤਿਹਾਸ ਵਿੱਚ ਇੱਕ ਅਜਿਹਾ ਲੋਕ ਨਾਇਕ ਹੈ ਜਿਸ ਨੇ ਬ੍ਰਿਟਿਸ਼ ਰਾਜ ਦੌਰਾਨ ਅਨਿਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਕੇ ਜ਼ੁਲਮੀ ਹਵਾਵਾਂ ਦਾ ਰੁਖ਼ ਮੋੜਿਆ । ਅਣਖ, ਗ਼ੈਰਤ ਅਤੇ ਸਵੈਮਾਨ ਦਾ ਪ੍ਰਤੀਕ ਜਿਊਣਾ ਮੌੜ ਗਰੀਬਾਂ-ਮਜ਼ਲੂਮਾਂ ਦਾ ਸਹਾਰਾ ਬਣ ਧਾੜਵੀ ਡਾਕੂ ਹੁੰਦਾ ਹੋਇਆ ਵੀ ਲੋਕਾਂ ਦੇ ਦਿਲਾਂ 'ਤੇ ਰਾਜ ਕਰਦਾ ਰਿਹਾ।

ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਦਾ ਰੌਬਿਨਹੁੱਡ ਕਹੇ ਜਾਣ ਵਾਲਾ ਜੱਟ ਜਿਊਣਾ ਮੌੜ ਤੇ ਡਾਕੂ ਜਿਊਣਾ ਮੌੜ ਦੇ ਦੋਵੇਂ ਰੂਪਾਂ ਵਿੱਚ ਸਵੀਕਾਰਿਆ ਗਿਆ ਹੈ।ਮਨੁੱਖਤਾ ਅਤੇ ਹਮਦਰਦੀ ਦਾ ਮਸੀਹਾ ਜਿਊਣਾ ਮੌੜ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸ੍ਰੋਤ ਬਣਿਆ ਹੋਇਆ ਹੈ।ਲੋਕ ਉਸ ਦੀਆਂ ਬਾਤਾਂ ਪਾ ਕੇ ਅਣਖ਼ ਤੇ ਦਲੇਰੀ ਦਾ ਪਾਠ ਪੜ੍ਹਾਉਂਦੇ ਨੇ।



ਸਰੂਪ ਸਿੰਘ ਚੌਧਰੀ ਮਾਜਰਾ (ਨਾਭਾ)
99886-27880



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com